# ਕਹਾਣੀ ਮਸਾਜ : ਪਾਠ-ਮੂਲਕ ਅਧਿਐਨ

ਡਾ. ਰਵੀ ਰਵਿੰਦਰ

ਸਾਹਿਤ ਪ੍ਰਤੀ ਬਹੁਗਿਣਤੀ ਸਮਾਜ ਸੰਜੀਦਾ ਨਹੀਂ ਹੈ। ਬਹੁਤਿਆਂ ਦਾ ਤਕਾਜ਼ਾ ਹੈ ਕਿ ਸਾਹਿਤਕਾਰ ਜੋ ਪੇਸ਼ ਕਰ ਰਿਹਾ ਹੁੰਦਾ ਹੈ, ਉਸਦਾ ਵਧੇਰੇ ਸਬੰਧ ਕਲਪਨਾ ਲੋਕ ਨਾਲ ਹੈ ਅਤੇ ਬਹੁਤ ਹੀ ਘੱਟ ਅਸਲ ਜ਼ਿੰਦਗੀ ਨਾਲ। ਜੇ ਸਮਾਜ ਦੀ ਸਥਿਤੀ ਬਾਰੇ ਕਿਸੇ ਰਾਜਨੀਤੀਵਾਨ, ਪ੍ਰਸ਼ਾਸਨਿਕ ਅਧਿਕਾਰੀ, ਸਮਾਜ ਵਿਗਿਆਨੀ, ਮਨੋਵਿਗਿਆਨੀ ਜਾਂ ਅਰਥ ਸ਼ਾਸਤਰੀ ਨਾਲ ਕਿਸੇ ਸਾਹਿਤਕ ਕਿਰਤ ਦੇ ਹਵਾਲੇ ਰਾਹੀਂ ਗੱਲਬਾਤ ਕੀਤੀ ਜਾਵੇ ਤਾਂ ਉਹ ਤੁਰੰਤ ਤੁਹਾਡੀ ਸੂਝ 'ਤੇ ਕਿੰਤੂ ਕਰੇਗਾ। ਇਸ ਦੇ ਮੁਕਾਬਲਤਨ ਕੋਈ ਵੀ ਅਖ਼ਬਾਰੀ ਖ਼ਬਰ ਜਾਂ ਸਰਵੇ ਰਿਪੋਰਟ ਉਸਨੂੰ ਵਧੇਰੇ ਪ੍ਰਮਾਣਿਕ ਜਾਪੇਗੀ। ਪਰ ਅਸਲੀਅਤ ਇਹ ਨਹੀਂ ਹੈ। ਘੱਟੋ ਘੱਟ ਪੰਜਾਬੀ ਸਮਾਜ ਦੇ ਬਹੁਤ ਸਾਰੇ ਪੱਖ ਪੰਜਾਬੀ ਗਲਪ ਹੋਰ ਕਿਸੇ ਵੀ ਮਾਧਿਅਮ ਨਾਲੋਂ ਵਧੇਰੇ ਗਹਿਨਤਾ ਨਾਲ ਪੇਸ਼ ਕਰ ਰਿਹਾ ਹੈ। ਸਮਕਾਲੀ ਪੰਜਾਬੀ ਕਹਾਣੀ ਇਸ ਦਿਸ਼ਾ ਵਿਚ ਇਕ ਕਦਮ ਹੋਰ ਅੱਗੇ ਹੈ। ਅਜਿਹੀ ਟਿੱਪਣੀ ਦੇ ਪ੍ਰਮਾਣ ਵਜੋਂ ਇਕ ਜਾਂ ਦੋ ਦਰਜਨ ਨਹੀਂ ਸਗੋਂ ਸੈਂਕੜੇ ਕਹਾਣੀਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਬਲਦੇਵ ਸਿੰਘ ਧਾਲੀਵਾਲ ਦੀ ਕਹਾਣੀ **ਮਸਾਜ** ਉਨ੍ਹਾਂ ਕਹਾਣੀਆਂ ਵਿਚੋਂ ਇਕ ਹੈ।

ਕਹਾਣੀ **ਮਸਾਜ** ਦੀ ਸ਼ੁਰੂਆਤ ਓਮ ਪ੍ਰਕਾਸ਼ ਸ਼ਾਹੀ ਦੀ ਵਰਤਮਾਨ ਸਥਿਤੀ ਤੋਂ ਹੋ ਰਹੀ ਹੈ। ਔਚਵੀ, ਸੱਚ ਜਾਂ ਵਹਿਮ ਵਿਚਲਾ ਦਵੰਦ, ਦਿਲ ਦੀ ਵਧੀ ਹੋਈ ਧੜਕਣ, ਉਸਲਵੱਟੇ ਲੈਣੇ, ਆਲਾ ਦੁਆਲਾ ਬੇਰੌਣਕਾ ਮਹਿਸੂਸ ਹੋਣਾ ਵਰਗੇ ਸ਼ਬਦ ਉਸ ਦੀ ਮਾਨਸਿਕ ਅਤੇ ਸਰੀਰਕ ਹਾਲਤ ਦੀ ਮੰਜ਼ਰਕਸ਼ੀ ਲਈ ਕਾਫ਼ੀ ਹਨ। ਆਲੇ-ਦੁਆਲੇ ਨੂੰ ਵੀ ਇੰਝ ਚਿਤਰਿਆ ਗਿਆ ਹੈ, ਜਿਸ ਨਾਲ ਓਮ ਪ੍ਰਕਾਸ਼ ਸ਼ਾਹੀ ਦੀ ਸਥਿਤੀ ਹੋਰ ਵੀ ਵਧੇਰੇ ਸਪੱਸ਼ਟ ਹੁੰਦੀ ਹੈ, ਮਸਲਨ :

> "ਪਾਲੇ ਦਾ ਮਧੋਲਿਆ ਖੜਸੁੱਕ ਘਾਹ, ਰੇਤਲੀਆਂ ਘਰਾਲਾਂ ਨਾਲ ਮਟਮੈਲੀ ਹੋਈ ਚਾਰਦਿਵਾਰੀ, ਭੱਜੂ ਭੱਜੂ ਕਰਦੀ ਸਿਆਲੂ ਸ਼ਾਮ ਦੀ ਅਧਮੋਈ ਧੁੱਪ, ਸਭ ਕੁਝ ਹੀ ਜਿਵੇਂ ਸਾਹ-ਸਤ-ਹੀਣ ਜਿਹਾ ਹੋ ਗਿਆ ਸੀ।"

ਕੀ ਇਹ ਸਿਰਫ਼ ਵਾਤਾਵਰਨ ਚਿਤਰਨ ਹੈ ? ਨਹੀਂ, ਵਾਤਾਵਰਨ ਤੋਂ ਵੀ ਵਧੇਰੇ ਇਹ ਓਮ ਪ੍ਰਕਾਸ਼ ਦੀ ਅੰਦਰੂਨੀ ਅਤੇ ਬਾਹਰੀ ਸਥਿਤੀ ਨੂੰ ਬਿਆਨ ਕਰਨ ਦਾ ਸਾਹਿਤਕ ਜ਼ਰੀਆ ਹੈ। ਕੀ ਪਾਲੇ ਦਾ ਮਧੋਲਿਆ ਖੜਸੁੱਕ ਘਾਹ, ਸਮੇਂ ਅਤੇ ਸਥਿਤੀਆਂ ਦੀ ਮਾਰ ਹੇਠ ਆਇਆ ਓਮ ਪ੍ਰਕਾਸ਼ ਦਾ ਜਰਜ਼ਰਿਆ ਵਜੂਦ ਨਹੀਂ ਹੈ ? ਕੀ ਰੇਤਲੀਆਂ ਘਰਾਲਾਂ ਨਾਲ ਮਟਮੈਲੀ ਹੋਈ ਚਾਰਦੀਵਾਰੀ, ਸ਼ਾਹੀ ਦੇ ਹੰਢ ਗਏ ਹੋਏ ਬੁੱਢੇ ਸਰੀਰ ਦੀ ਬਾਤ ਨਹੀਂ ਹੈ ?, ਕੀ ਭੱਜੂ ਭੱਜੂ ਕਰਦੀ ਸਿਆਲੂ ਸ਼ਾਮ ਦੀ ਅਧਮੋਈ ਧੁੱਪ ਉਸਦੀ ਦਿਨੋ-ਦਿਨ ਖੀਣ ਹੁੰਦੀ ਜੀਵਨ ਊਰਜਾ ਦੀ ਗਾਥਾ ਨਹੀਂ ਹੈ ? ਨਿਸਚੇ ਹੀ ਇਹ ਅਜਿਹਾ ਹੀ ਹੈ। ਪ੍ਰੋਢ ਸਾਹਿਤਕਾਰ ਸਦਾ ਹੀ ਸਪਾਟ ਬਿਆਨੀ ਤੋਂ ਬਚਦਾ ਹੈ। ਉਹ ਸੂਖ਼ਮ ਇਸ਼ਾਰੇ ਕਰਦਾ ਹੈ। ਤਸ਼ਬੀਹਾਂ ਦੀ ਵਰਤੋਂ ਕਰਦਾ ਹੈ। ਸਮਾਨਾਂਤਰ ਵੇਰਵੇ ਰੱਖਕੇ ਗੱਲ ਸਮਝਾਉਣ ਦਾ ਯਤਨ ਕਰਦਾ ਹੈ। ਚਿਹਨਾਂ/ਪ੍ਰਤੀਕਾਂ ਦੀ ਢੁੱਕਵੀਂ ਵਰਤੋਂ ਕਰਦਾ ਹੈ। ਓਹਲਾ ਉਸਦੀ ਮਹੱਤਵਪੂਰਨ ਜੁਗਤ ਬਣੀ ਰਹਿੰਦੀ ਹੈ। ਦਰਅਸਲ ਉਸਦਾ ਓਹਲਾ, ਉਜਿਆਰਾ ਕਰਨ ਲਈ ਹੀ ਹੁੰਦਾ ਹੈ। ਇਸ ਕਹਾਣੀ ਦੀ ਸ਼ੁਰੂਆਤ ਵਿਚ ਵੀ ਕਥਾਕਾਰ ਨੇ ਇੰਜ ਹੀ ਕੀਤਾ ਹੈ।

ਸ਼ਾਹੀ ਦੀ ਸਥਿਤੀ ਸਪੱਸ਼ਟ ਕਰਨ ਤੋਂ ਫੌਰਨ ਬਾਅਦ ਕਹਾਣੀਕਾਰ ਉਸਦੀਆਂ ਵਿਸ਼ੇਸ਼ ਬਿਰਤੀਆਂ ਦੀ ਬਾਤ ਪਾਉਣ ਵੱਲ ਰੁਚਿਤ ਹੁੰਦਾ ਹੈ। ਤੜਕ ਭੜਕ ਅਤੇ ਕਰਾਰਾਪਣ ਬੁੱਢੇ ਵਾਰੇ ਵੀ ਉਸਦੇ ਸੁਆਦਾਂ ਵਿਚ ਸ਼ਾਮਲ ਹੈ। ਉਸਦਾ ਇਕ ਵਾਕ 'ਮਨ ਬੜਾ ਭਟਕ ਰਿਹੈ ਕਰਾਰੇ ਨੂੰ'। ਮਨ ਦੀ ਭਟਕਣਾ ਅਤੇ ਭਟਕਣ ਦੀ ਦਿਸ਼ਾ ਦੋਹਾਂ ਨੂੰ ਬਿਆਨ ਕਰ ਰਿਹਾ ਹੈ। ਡਾ. ਹਰਿਭਜਨ ਸਿੰਘ ਦੀ ਧਾਰਨਾ ਸੀ ਕਿ ਚੰਗਾ ਕਥਾਕਾਰ ਮੁੱਢਲੀਆਂ ਕੁਝ ਕੁ ਸਤਰ੍ਹਾਂ ਵਿਚ ਹੀ ਵਾਪਰਨ ਵਾਲੀ ਘਟਨਾ ਦੇ ਮੂਲ ਕਾਰਨਾਂ ਦਾ ਝਲਕਾਰਾ ਦੇ ਜਾਂਦਾ ਹੈ। ਇਥੇ ਵੀ ਇੰਜ ਹੀ ਕੀਤਾ ਜਾ ਰਿਹਾ ਹੈ। ਪਹਿਲੀਆਂ ਪੰਜ ਸਤਰਾਂ ਵਿਚ ਸ਼ਾਹੀ ਦੀ ਵਰਤਮਾਨ ਸਥਿਤੀ ਬਿਆਨ ਕੀਤੀ ਜਾ ਰਹੀ ਹੈ। ਅਗਲੀਆਂ ਚਾਰ ਕੁ ਸਤਰਾਂ ਵਿਚ ਸ਼ਾਹੀ ਦੇ ਸੁਹਜ-ਸੁਆਦਾਂ ਸਬੰਧੀ ਭਰਵਾਂ ਸੰਕੇਤ ਹੈ। ਇਹ ਸੰਕੇਤ ਅਜੇ ਖ਼ਤਮ ਹੀ ਹੋਇਆ ਹੈ ਕਿ ਕਥਾਕਾਰ ਉਸਦੀ ਕਾਮੁਕ ਬਿਰਤੀ ਦਾ ਹਲਕਾ ਜਿਹਾ ਇਸ਼ਾਰਾ (ਉਸਦੀ ਨੂੰਹ ਦੇ ਤਣੇ ਗਠੀਲੇ ਜਿਸਮ ਵੱਲ ਮੱਲੋਜ਼ੋਰੀ ਉਸਦਾ ਧਿਆਨ ਜਾਣ ਦਾ) ਕਰ ਜਾਂਦਾ ਹੈ। ਇਹ ਨਿਰਣਾ ਕਰਨਾ ਵੀ ਔਖਾ ਹੋ ਜਾਂਦਾ ਹੈ ਕਿ ਸ਼ਾਹੀ ਦੇ ਮੂੰਹ ਵਿਚ ਪਾਣੀ ਪਕੌੜਿਆਂ ਦੇ ਖਿਆਲ ਨਾਲ ਆਉਂਦਾ ਹੈ ਕਿ ਮਟਕ

ਜਿਹੀ ਨਾਲ ਤੁਰਦੀ ਨੂੰਹ ਸਰਲਾ ਨੂੰ ਪਿੱਛੋਂ ਨਿਹਾਰਦਿਆਂ। ਸਰਲਾ ਦੇ ਸਰੀਰ ਨੂੰ ਦੇਖਦਿਆਂ ਉਸ ਦਾ ਦਿਲ ਬੇਮੁਹਾਰਾ ਹੋ ਕੇ ਕਿਉਂ ਧੜਕਦਾ ਹੈ ? ਪਰ ਇਥੇ ਇਕ ਹੋਰ ਅਹਿਮ ਸਵਾਲ ਵੀ ਉਠਦਾ ਹੈ। ਜੇ ਗਹੁ ਨਾਲ ਸਰਲਾ ਸਬੰਧੀ ਵੇਰਵੇ ਨੂੰ ਵਾਚੀਏ ਤਾਂ ਇਹ ਵਾਕ ਇਸ ਪ੍ਰਕਾਰ ਹੈ :

> "ਰਤਾ ਕੁ ਮਧਰੇ ਕੱਦ ਦੀ ਸਰਲਾ ਕਿਸੇ ਕਮੀਜ਼ ਜਾਂ ਬਨੈਣ ਨੂੰ ਮੋਢਿਆਂ ਤੋਂ ਫੜ੍ਹ ਕੇ ਝਟਕਾਉਂਦੀ ਅਤੇ ਫਿਰ ਅੱਡੀਆਂ ਚੁੱਕ ਕੇ ਤਾਰ ਉਤੇ ਪਾਉਂਦੀ ਤਾਂ ਉਸਦਾ ਤਣਿਆਂ ਗਠੀਲਾ ਜਿਸਮ ਮੱਲੋਜ਼ੋਰੀ ਧਿਆਨ ਖਿੱਚਦਾ।"

ਇਹ ਵਿਚਾਰ ਸਿਰਫ਼ ਸ਼ਾਹੀ ਦੀ ਮਾਨਸਿਕਤਾ ਦੀ ਉਪਜ ਨਹੀਂ ਹੈ। ਇਹ ਬਿਰਤਾਂਤਕਾਰ ਦੀ ਘਾੜਤ ਹੈ। ਬਿਰਤਾਂਤਕਾਰ ਵੱਲੋਂ ਆਪਣੇ ਪਾਠਕ ਨੂੰ ਦੱਸਿਆ ਜਾਣ ਵਾਲਾ ਅਜਿਹਾ ਵੇਰਵਾ ਹੈ ਜਿਸ ਨੂੰ ਦੱਸਣਾ ਉਹ ਜ਼ਰੂਰੀ ਸਮਝਦਾ ਹੈ। ਸਮੀਖਿਅਕ ਵੀ ਇਸ ਵੇਰਵੇ ਨੂੰ ਦਰਕਿਨਾਰ ਕਰਕੇ ਲੰਘ ਨਹੀਂ ਪਾਉਂਦਾ। ਦਰਅਸਲ ਵੇਰਵਾ ਹੀ ਅਜਿਹਾ ਹੈ। ਮਸਲਾ ਨੂੰਹ-ਸਹੁਰੇ ਦੀ ਕਾਮੁਕਤਾ ਨਾਲ ਜੁੜਿਆ ਹੋਇਆ ਹੈ। ਅਸਲ ਵਿਚ ਸਮੁੱਚੇ ਜੀਵ-ਜਗਤ ਵਿਚ ਜੇ ਕਿਸੇ ਪ੍ਰਾਣੀ ਨੇ ਕਾਮੁਕਤਾ ਨੂੰ ਸਭ ਤੋਂ ਵੱਧ ਦਬਾਉਣ ਜਾਂ ਸਧਾਉਣ ਦਾ ਯਤਨ ਕੀਤਾ ਹੈ ਤਾਂ ਉਹ ਮਨੁੱਖ ਹੈ। ਮਨੁੱਖਾਂ ਵਿਚੋਂ ਵੀ ਮਰਦ ਮਾਨਸਿਕਤਾ ਵਿਚ ਇਤਿਹਾਸਕ ਵਿਕਾਸ ਦੌਰਾਨ ਜਿਸ ਬਿਰਤੀ ਦਾ ਉਦੈ ਹੋਇਆ ਹੈ ਉਹ ਵਿਕਰਤ/ਦਬਾਏ ਕਾਮ (Perverted/ Submissive Sex) ਦੀ ਹੈ। ਅਤ੍ਰਿਪਤ ਕਾਮੁਕ ਖ਼ਾਹਿਸ਼ਾਂ ਉਮਰ ਭਰ ਉਸਦਾ ਪੱਲਾ ਨਹੀਂ ਛੱਡਦੀਆਂ। ਇਸੇ ਲਈ ਪਹਿਲੀ ਨਜ਼ਰੇ ਬਹੁਤੇ ਮਰਦਾਂ ਨੂੰ ਔਰਤ ਦੀ ਥਾਂ ਉਸਦੇ ਉਭਾਰ, ਗੋਲਾਈਆਂ ਅਤੇ ਸੈਕਸ ਔਰਗਨ ਹੀ ਨਜ਼ਰ ਆਉਂਦੇ ਹਨ। ਭਾਵੇਂ ਇਹ ਸਾਰਾ ਮਾਜ਼ਰਾ ਕੁਝ ਕੁ ਸਕਿੰਟਾਂ ਜਾਂ ਉਸ ਤੋਂ ਵੀ ਘੱਟ ਸਮੇਂ ਦਾ ਹੁੰਦਾ ਹੈ। ਜਲਦੀ ਹੀ ਬੰਦੇ 'ਤੇ ਉਸਦੀ ਸਮਾਜਿਕਤਾ, ਰਿਸ਼ਤੇ ਨਾਤੇ ਅਤੇ ਸ਼ਿਸ਼ਟਾਚਾਰ ਹਾਵੀ ਹੋਣ ਲਗਦਾ ਹੈ। ਫਿਰ ਉਹ ਉਵੇਂ ਹੀ ਮੂੰਹ ਭੰਵਾ ਲੈਂਦਾ ਹੈ ਜਿਵੇਂ ਓਮ ਪ੍ਰਕਾਸ਼ ਸਰਲਾ ਵੱਲੋਂ ਮੂੰਹ ਭੰਵਾ ਕੇ ਸਾਹਮਣੇ ਸੁਪਰਡੈਂਟ ਵੇਦ ਵਿਆਸ ਦੇ ਘਰ ਵੱਲ ਵੇਖਣ ਲੱਗ ਪੈਂਦਾ ਹੈ।

ਇਸ ਕਥਾ ਦੀ ਸ਼ੁਰੂਆਤ ਸ਼ਾਹੀ ਵੱਲੋਂ ਪਕੌੜਿਆਂ ਦੀ ਮੰਗ ਨਾਲ ਹੋਈ ਸੀ। ਇਸ ਮੰਗ ਤੋਂ ਬਾਅਦ ਕਥਾਕਾਰ ਇਸ਼ਾਰੇ ਨਾਲ ਉਸਦੀ ਅਤ੍ਰਿਪਤ ਕਾਮੁਕ ਬਿਰਤੀ ਵੱਲ ਵੀ ਝਾਤ ਪੁਆ ਜਾਂਦਾ ਹੈ। ਤੀਜਾ ਵੇਰਵਾ ਵੇਦ ਵਿਆਸ ਦਾ ਹੈ। ਵੇਦ ਵਿਆਸ ਨਾਲ ਸ਼ਾਹੀ ਦਾ ਰਿਸ਼ਤਾ ਕਿਹੋ ਜਿਹਾ ਹੈ ਇਹ ਦੱਸਣ ਲਈ ਸ਼ਾਹੀ ਦੇ ਜ਼ਿਹਨ ਵਿਚ ਆਏ ਦੋ ਸ਼ਬਦ ਹੀ ਕਾਫ਼ੀ ਹਨ 'ਸਾਲਾ ਖੋਚਰੀ'...। ਸੰਕੇਤ ਸਾਫ਼ ਹੈ ਕਿ ਵੇਦ ਵਿਆਸ ਨੂੰ ਵਿਰੋਧੀਆਂ ਦੀ ਕਤਾਰ ਵਿਚ ਹੀ ਰੱਖਿਆ ਜਾ ਸਕਦਾ ਹੈ। ਹੁਣ ਜੇ ਇਸ ਕਥਾ ਦੇ ਵੇਰਵਿਆਂ ਨੂੰ ਰਤਾ ਕੁ ਲਾਂਭੇ ਰੱਖ ਕੇ ਮਨੁੱਖੀ ਇਤਿਹਾਸ ਤੇ ਝਾਤੀ ਮਾਰੀਏ ਤਾਂ ਆਦਿ ਮਾਨਵ ਦੇ ਜੀਵਨ ਦੀ ਤਰਤੀਬ ਵੀ ਇਹੀ ਸੀ, ਭੋਜਨ, ਸੈਕਸ ਅਤੇ ਯੁੱਧ। ਯੁੱਧ ਆਮ ਤੌਰ ਤੇ ਉਦੋਂ ਹੁੰਦਾ ਸੀ ਜਦੋਂ ਭੋਜਨ ਜਾਂ ਸੈਕਸ ਦੀ ਪੂਰਤੀ ਵਿਚ ਕੋਈ ਅੜਚਨ ਬਣਦਾ ਸੀ। ਹੌਲੀ ਹੌਲੀ ਮਨੁੱਖੀ ਖ਼ਾਹਿਸ਼ਾਂ ਦੀ ਰੇਂਜ ਵਿਸ਼ਾਲ ਹੁੰਦੀ ਗਈ ਅਤੇ ਯੁੱਧ ਦੇ ਕਾਰਨਾਂ ਦੀ ਗਿਣਤੀ ਵੀ ਵਧਦੀ ਗਈ। ਪਰ ਮੂਲ ਮਾਨਵੀ ਬਿਰਤੀਆਂ ਅਟੱਲ ਰਹੀਆਂ। ਇਸ ਲਈ ਜੇ ਇਸ ਕਥਾ ਵਿਚ ਵੀ ਤਰਤੀਬ ਭੋਜਨ, ਸੈਕਸ ਅਤੇ ਯੁੱਧ ਵਾਲੀ ਹੈ ਤਾਂ ਕੋਈ ਬਹੁਤੀ ਹੈਰਾਨੀ ਵਾਲੀ ਗੱਲ ਨਹੀਂ। ਕਥਾਕਾਰ ਅਚੇਤ/ਸੁਚੇਤ ਮੂਲ ਮਾਨਵੀ ਬਿਰਤੀਆਂ 'ਤੇ ਹੀ ਫੋਕਸਿੰਗ ਕਰ ਰਿਹਾ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਹੋਰ ਮਾਨਵੀ ਬਿਰਤੀਆਂ ਵਾਂਗ ਯੁੱਧ ਵੀ ਜਟਿਲ ਹੈ। ਸਾੜਾ, ਈਰਖਾ, ਵਿਦਰੋਹ, ਅਵੱਗਿਆ ਅਤੇ ਸੰਘਰਸ਼ ਆਦਿ ਯੁੱਧ ਦੇ ਹੀ ਵੱਖ-ਵੱਖ ਪੜਾਅ ਅਤੇ ਰੂਪ ਹਨ। ਇਕ ਸੁਚੇਤ ਕਥਾਕਾਰ ਦਾ ਅਚੇਤ ਸਹਿਵਨ ਹੀ ਜੀਵਨ ਦੇ ਬੁਨਿਆਦੀ ਮਸਲਿਆਂ ਨੂੰ ਫੋਕਸ ਵਿਚ ਲਿਆ ਰਿਹਾ ਹੈ।

ਇਸ ਕਥਾ ਦਾ ਦੂਜਾ ਮਹੱਤਵਪੂਰਨ ਮਸਲਾ ਪੀੜ੍ਹੀਗਤ ਵਖਰੇਵੇਂ ਦਾ ਹੈ। ਇਹ ਕਥਾ ਤਿੰਨ ਪੀੜ੍ਹੀਆਂ ਦੀ ਬਾਤ ਹੈ। ਹੰਸਾ – ਰਾਮ ਦੁਲਾਰੀ ਦੀ ਜੀਵਨ ਕਥਾ ਅਤੇ ਸ਼ਾਹੀ – ਸੀਤਾ ਦੀ ਜੀਵਨ ਯਾਤਰਾ ਇਸ ਦੇ ਮੁੱਖ ਤੌਰ ਤੇ ਫੋਕਸ ਵਿਚ ਹਨ। ਮਦਨ-ਸਰਲਾ ਦਾ ਵਿਹਾਰ ਹੀ ਉਨ੍ਹਾਂ ਦੇ ਜੀਵਨ ਦਰਸ਼ਨ ਦੀ ਬਾਤ ਪਾ ਜਾਂਦਾ ਹੈ। ਜੇ ਰਾਮ ਦੁਲਾਰੀ, ਸੀਤਾ ਅਤੇ ਸਰਲਾ ਤਿੰਨਾਂ ਦੇ ਵਿਹਾਰ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਜਾਵੇ ਤਾਂ ਸਭ ਤੋਂ ਵਧੇਰੇ ਜਟਿਲ, ਕੈਲਕੂਲੇਟਿਡ ਅਤੇ ਬਨਾਵਟੀ ਵਿਹਾਰ ਸਰਲਾ ਦਾ ਹੀ ਹੈ। ਓਮ ਪ੍ਰਕਾਸ਼ ਸਰਲਾ ਨੂੰ ਪਕੌੜੇ ਬਨਾਉਣ ਲਈ ਆਵਾਜ਼ ਮਾਰਦਾ ਹੈ ਤਾਂ ਸਰਲਾ ਓਨੀ ਦੇਰ ਉਸਦਾ ਹੁੰਗਾਰਾ ਨਹੀਂ ਭਰਦੀ, ਜਿੰਨੀ ਦੇਰ ਉਹ ਆਪਣੇ ਹਥਲੇ ਕੰਮ ਨੂੰ ਨਿਪਟਾ ਨਹੀਂ ਲੈਂਦੀ, ਸਰਲਾ ਉਸ ਪੀੜ੍ਹੀ ਦੀ ਪ੍ਰਤੀਨਿਧ ਪਾਤਰ ਹੈ ਜਿਸ ਨੂੰ ਪਰਿਭਾਸ਼ਤ ਕਰਨ ਲਈ 'ਸਵੈ' ਸ਼ਬਦ ਹੀ ਕਾਫ਼ੀ ਹੈ। ਇਹ ਪੀੜ੍ਹੀ ਅਡਜੈਸਟਮੈਂਟ ਦੀ ਥਾਂ ਮਨੇਜ਼ਮੈਂਟ ਨੂੰ ਪਹਿਲ ਦਿੰਦੀ ਹੈ। ਮਨੇਜ਼ਮੈਂਟ ਇਨ੍ਹਾਂ ਦੇ ਹਰ ਵਰਤਾਰੇ ਵਿਚੋਂ ਝਲਕਦੀ ਹੈ। ਕਦੋਂ ਬੋਲਣਾ ਹੈ,

ਕਿੰਨਾ ਬੋਲਣਾ ਹੈ, ਕਦੋਂ ਸੁਣਨਾ ਹੈ ਅਤੇ ਕਿੰਨਾ ਸੁਣਨਾ ਹੈ, ਇਹ ਇਸ ਪੀੜ੍ਹੀ ਦੀ ਜੀਵਨ-ਜਾਚ ਵਿਚ ਸ਼ਾਮਲ ਹੈ। ਸਰਲਾ ਓਮ ਪ੍ਰਕਾਸ਼ ਨੂੰ ਜਿਵੇਂ ਡੀਲ ਕਰ ਰਹੀ ਹੈ, ਉਹ ਗੌਰ ਕਰਨ ਯੋਗ ਹੈ। ਉਹ ਉਸਦੀ ਆਵਾਜ਼ ਦਾ ਜਵਾਬ ਉਦੋਂ ਦਿੰਦੀ ਹੈ, ਜਦੋਂ ਉਹ ਹਥਲਾ ਕੰਮ ਨਿਪਟਾ ਲੈਂਦੀ ਹੈ। ਪਕੌੜਿਆਂ ਦੀ ਫਰਮਾਇਸ਼ ਸੁਣ ਕੇ ਉਸ ਨੂੰ ਮਨ੍ਹਾ ਵੀ ਨਹੀਂ ਕਰਦੀ, ਅੰਦਰ ਜਾ ਕੇ ਆਪਣੇ ਪਤੀ ਮਦਨ ਨੂੰ ਫੋਨ ਵੀ ਕਰ ਦਿੰਦੀ ਹੈ। ਉਹਦੇ ਨਾਲ ਸਲਾਹ ਕਰਕੇ ਉਸਨੂੰ ਦਵਾਈ ਦੇਣ ਲਈ ਬੁਲਾ ਵੀ ਲੈਂਦੀ ਹੈ ਅਤੇ ਅੰਤ ਵਿਚ ਦੇਰੀ ਲਈ ਮੁਆਫ਼ੀ ਮੰਗਦੀ ਹੋਈ, ਇਹ ਬਹਾਨਾ ਲਾ ਕੇ ਪਕੌੜੇ ਪੇਸ਼ ਕਰਦੀ ਹੈ ਕਿ ਘਰੇ ਵੇਸਣ ਹੀ ਨਹੀਂ ਸੀ। ਪਕੌੜੇ ਪੇਸ਼ ਕਰਦਿਆਂ ਉਹ ਜਿਸ ਸਲੀਕੇ ਅਤੇ ਭਾਸ਼ਾ ਦੀ ਵਰਤੋਂ ਕਰ ਰਹੀ ਹੈ, ਉਹ ਨੂੰਹ ਵਾਲਾ ਘੱਟ ਅਤੇ ਸੇਲਜ਼ਮੈਨ ਵਾਲਾ ਵਧੇਰੇ ਹੈ। ਬਾਜ਼ਾਰ ਦੀ ਹਰ ਅਦਾ ਇਸ ਪੀੜ੍ਹੀ ਦੇ ਵਿਹਾਰ ਵਿਚ ਸਹਿਵਨ ਹੀ ਸ਼ਾਮਲ ਹੋ ਰਹੀ ਹੈ। ਬਾਜ਼ਾਰ ਨਾਲ ਨਾਤਾ ਹੰਸੇ ਅਤੇ ਰਾਮ ਦੁਲਾਰੀ ਦਾ ਵੀ ਸੀ, ਸ਼ਾਹੀ ਅਤੇ ਸੀਤਾ ਦਾ ਵੀ ਅਤੇ ਹੁਣ ਮਦਨ ਅਤੇ ਸਰਲਾ ਦਾ ਵੀ। ਪਰ ਹੰਸੇ ਅਤੇ ਰਾਮ ਦੁਲਾਰੀ ਲਈ ਬਾਜ਼ਾਰ ਸਿਰਫ਼ ਉਦਰ-ਪੂਰਤੀ ਦਾ ਵਸੀਲਾ ਸੀ। ਸ਼ਾਹੀ ਅਤੇ ਸੀਤਾ ਬਾਜ਼ਾਰ ਵਿਚ ਏਨੇ ਖਚਿਤ ਹੋ ਜਾਂਦੇ ਹਨ ਕਿ ਵਸੀਲਾ ਹੀ ਉਦੇਸ਼ ਬਣ ਜਾਂਦਾ ਹੈ। ਪਰ ਮਦਨ ਅਤੇ ਸਰਲਾ ਲਈ ਬਾਜ਼ਾਰ ਜੀਵਨ-ਜਾਚ ਬਣ ਚੁੱਕਾ ਹੈ। ਉਹ ਖ਼ੁਦ ਹੀ ਬਾਜ਼ਾਰ ਵਾਂਗ ਵਿਹਾਰ ਕਰ ਰਹੇ ਹਨ। ਬਾਜ਼ਾਰ ਨੂੰ ਉਨ੍ਹਾਂ ਨਾਲੋਂ ਅਤੇ ਉਨ੍ਹਾਂ ਨੂੰ ਬਾਜ਼ਾਰ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ।

ਪਹਿਲਾਂ ਅਸੀਂ ਦੇਖਿਆ ਸੀ ਕਿ ਸ਼ਾਹੀ ਆਪਣੀ ਨੂੰਹ (ਕਾਮੁਕਤਾ) ਵੱਲੋਂ ਮੂੰਹ ਭੁਆਉਂਦਾ ਹੈ ਤਾਂ ਉਸਨੂੰ ਵੇਦ ਵਿਆਸ ਦਾ ਖ਼ਿਆਲ ਆਉਂਦਾ ਹੈ। ਦੂਜੀ ਵਾਰ ਆਪਣੀਆਂ ਕਾਮੁਕ ਖ਼ਾਹਿਸ਼ਾਂ ਤੋਂ ਧਿਆਨ ਬਦਲਣ ਲਈ ਬਿਜਲੀ ਬੋਰਡ ਦੀ ਕਾਲੋਨੀ ਦੇ ਇਕੋ ਜਿਹੇ ਮਕਾਨਾਂ ਨੂੰ ਖਿਝੇ ਮਨ ਨਾਲ ਵੇਖਦਾ ਹੈ, ਕਿਉਂਕਿ ਉਸਦੀ ਇੱਛਾ ਤਾਂ ਇਸ ਕਾਲੋਨੀ ਤੋਂ ਦੂਰ ਕਿਧਰੇ ਵੱਖਰੀ ਜਿਹੀ ਥਾਂ ਕੋਠੀ ਬਣਾ ਕੇ ਰਹਿਣ ਦੀ ਸੀ। ਆਪਣੇ ਵਰਗਿਆਂ ਤੋਂ ਦੂਰ ਕੋਠੀ ਬਣਾ ਕੇ ਕਿਸੇ ਵੱਖਰੀ ਜਿਹੀ ਥਾਂ ਤੇ ਰਹਿਣਾ ਅਸਲ ਵਿਚ ਆਪਣੀ ਤਾਕਤ ਦਾ ਵਿਖਾਵਾ ਕਰਨ ਦੀ ਹੀ ਇਕ ਜੁਗਤ ਹੈ। ਇਹ ਆਪਣੇ ਵਰਗਿਆਂ ਨੂੰ ਇਹ ਦੱਸਣ ਦਾ ਯਤਨ ਹੈ ਕਿ ਮੈਂ ਤੁਹਾਡੇ ਤੋਂ ਵੱਖਰਾ ਵੀ ਹਾਂ, ਵਧੀਆ ਵੀ ਅਤੇ ਉਚਾ ਵੀ। ਪਿੱਛੇ ਜਿਹੋ ਜਿਹਾ ਸਬੰਧ ਅਸੀਂ ਸੈਕਸ ਅਤੇ ਯੁੱਧ ਵਿਚ ਵੇਖਿਆ ਸੀ, ਉਹੋ ਜਿਹਾ ਸਬੰਧ ਸੈਕਸ ਅਤੇ ਸ਼ਕਤੀ ਲਈ ਚਾਹਨਾ ਵਿਚ ਵੀ ਹੈ। ਜੇ ਇਸ ਕਥਾ ਵਿਚੋਂ ਮਨੁੱਖ ਦੀਆਂ ਮੂਲ ਮਾਨਵੀ ਬਿਰਤੀਆਂ, ਇਨ੍ਹਾਂ ਦੇ ਸਥਾਈ ਅਤੇ ਬਦਲਦੇ ਰਹਿੰਦੇ ਰੂਪਾਂ, ਮਨੁੱਖੀ ਮਾਨਸਿਕਤਾ ਦੇ ਵਿਭਿੰਨ ਰੰਗਾਂ, ਸ਼ਕਤੀ ਸਬੰਧਾਂ ਦੀਆਂ ਅਨੇਕ ਪਰਤਾਂ ਅਤੇ ਸਮਾਜਿਕ/ਆਰਥਿਕ ਵਾਤਾਵਰਣ ਦੇ ਮਨੁੱਖ ਉਪਰ ਪੈਂਦੇ ਪ੍ਰਭਾਵਾਂ ਦੇ ਦੀਦਾਰ ਹੋ ਰਹੇ ਹਨ ਤਾਂ ਇਹ ਕਥਾਕਾਰ ਦਾ ਸੁਚੇਤ ਯਤਨ ਹੀ ਨਹੀਂ ਹਨ, ਸਗੋਂ ਉਸਦੀ ਅਚੇਤ ਯੋਗਤਾ ਦਾ ਵੀ ਹਿੱਸਾ ਹੈ, ਜਿਸ ਦੇ ਸ੍ਰੋਤ ਉਸਦੇ ਅਧਿਐਨ ਅਤੇ ਜੀਵਨ ਨੂੰ ਸਮਝਣ ਦੀ ਮਨਸ਼ਾ ਵਿਚ ਵਿਦਮਾਨ ਹਨ।

ਬਿਜਲੀ ਬੋਰਡ ਦੀ ਕਾਲੋਨੀ ਦੇ ਮਕਾਨਾਂ ਦੀ ਇਕਰੂਪਤਾ ਪ੍ਰਤੀ ਓਮ ਪ੍ਰਕਾਸ਼ ਦੀ ਖਿਝ ਦੇ ਇਕ ਅਰਥ ਇਹ ਵੀ ਹੋ ਸਕਦੇ ਹਨ ਕਿ ਬਦਲ ਰਿਹਾ ਸਮਾਂ, ਬਦਲ ਰਹੇ ਸੁਹਜ-ਸੁਆਦ ਅਤੇ ਬਦਲ ਰਹੀ ਜੀਵਨ-ਜਾਚ ਆਧੁਨਿਕਤਾ ਦੀ ਇਕਸਾਰਤਾ ਅਤੇ ਇਕਰੂਪਤਾ ਤੋਂ ਵੀ ਬੇਮੁਖ ਹੋ ਰਹੀ ਹੈ। ਇਹੀ ਸ਼ਾਹੀ ਕਦੇ ਵੱਖਰੇ ਅਤੇ ਵੰਨ-ਸੁਵੰਨੇ ਅਨੁਭਵਾਂ ਦੀ ਚਾਹਨਾ ਹਿਤ ਕੋਮਲ ਵੱਲ ਰੁਚਿਤ ਹੋਇਆ ਸੀ, ਫਿਰ ਅਜਿਹੇ ਵੱਖਰੇ ਖੇਤਰਾਂ ਦੀ ਜੁਸਤਜੂ (experiences) ਦੀ ਖਾਤਰ ਆਪਣੀ ਪਤਨੀ ਨੂੰ ਬਿਲਕੁਲ ਨਵੇਂ, ਰੁਮਾਂਟਿਕ ਅਤੇ ਸਮਾਜ ਵੱਲੋਂ ਅਪ੍ਰਵਾਨਿਤ ਰਾਹਾਂ ਤੇ ਤੋਰਨ ਦੀ ਪਹਿਲ ਕੀਤੀ। ਇਕਰੂਪਤਾ ਦੀ ਥਾਂ ਵਖਰੇਵਾਂ, ਇਕਸਾਰਤਾ ਦੀ ਥਾਂ ਵੰਨ-ਸੁਵੰਨਤਾ, ਤਰਕ ਦੀ ਥਾਂ ਅਨੁਭਵ ਅਤੇ ਸਰਬ ਪ੍ਰਵਾਨ ਦੀ ਥਾਂ ਮਨ ਦੀ ਮੌਜ, ਸਿਰਫ਼ ਸ਼ਾਹੀ ਦੇ ਵਿਅਕਤੀਗਤ ਵਿਹਾਰ ਦੀ ਲੀਲ੍ਹਾ ਨਹੀਂ, ਸਗੋਂ ਇਹ ਯੁਗ ਬੋਧ ਵਿਚ ਪਰਿਵਰਤਨ ਦਾ ਵੀ ਸੂਚਕ ਹੈ। ਯੁਗ ਬੋਧ ਵਿਚ ਪਰਿਵਰਤਨ ਸਿਰਫ਼ ਕਦਰਾਂ-ਕੀਮਤਾਂ (value system) ਵਿਚ ਹੀ ਪਰਿਵਰਤਨ ਨਹੀਂ ਲਿਆਉਂਦਾ, ਇਹ ਖਾਣ-ਪੀਣ, ਪਹਿਨਣ ਅਤੇ ਰਹਿਣ-ਸਹਿਣ ਦੇ ਪ੍ਰਤੀ ਸਾਡੇ ਨਜ਼ਰੀਏ ਨੂੰ ਵੀ ਬਦਲਦਾ ਹੈ। ਸਿਰਫ਼ ਬਦਲਦਾ ਹੀ ਨਹੀਂ, ਸਗੋਂ ਕਈ ਵਾਰ ਤਾਂ ਉਲਟਾਉਂਦਾ ਵੀ ਹੈ। ਮਸਲਨ ਮਦਨ ਦੀ ਪੀੜ੍ਹੀ ਲਈ ਪਕੌੜੇ ਜ਼ਹਿਰ ਹਨ ਅਤੇ ਦਵਾਈ ਅੰਮ੍ਰਿਤ ਹੈ। ਜਦੋਂ ਕਿ ਸ਼ਾਹੀ ਕਹਿ ਸਕਦਾ ਹੈ ਕਿ ਸਾਧਾਰਨ ਸੂਝ ਦਾ ਮਾਲਕ ਵੀ ਇਹ ਜਾਣਦਾ ਹੈ ਕਿ ਵੇਸਣ, ਪਿਆਜ ਅਤੇ ਸਰੋਂ ਦੇ ਤੇਲ ਵਿਚ ਕੁਝ ਵੀ ਗੈਰ ਪ੍ਰਾਕਿਰਤਕ ਅਤੇ ਹਾਨੀਕਾਰਕ ਨਹੀਂ ਹੈ। ਦੂਜੇ ਪਾਸੇ ਦਵਾਈ ਜੋ ਹੈ ਹੀ ਕੈਮੀਕਲਜ਼ ਦਾ ਮਿਸ਼ਰਣ, ਵਕਤੀ ਫਾਇਦਾ ਪਹੁੰਚਾਉਣ ਤੋਂ ਬਾਅਦ ਕੋਈ ਨਾ ਕੋਈ ਸਾਈਡ ਇਫੈਕਟ (ਮਾਰੂ ਅਸਰ) ਜ਼ਰੂਰ ਛੱਡੇਗੀ। ਪਰ ਮਦਨ ਜਿਸ ਯੁਗ ਦਾ ਬਾਸ਼ਿੰਦਾ ਹੈ ਉਸ ਵਿਚ ਬਾਜ਼ਾਰ ਦੀਆਂ ਤਾਕਤਾਂ ਨੇ

ਵਿਗਿਆਪਨ ਅਤੇ ਮੀਡੀਆ ਰਾਹੀਂ ਜੋ ਪ੍ਰਭਾਵ ਪਾਇਆ ਹੈ ਉਹ ਉਸੇ ਪ੍ਰਭਾਵ ਵਿਚੋਂ ਹੀ ਆਪਣੇ ਬਾਪ ਨੂੰ ਨਸੀਹਤ ਦੇ ਰਿਹਾ ਹੈ। ਓਮ ਪ੍ਰਕਾਸ਼ ਦੇ ਅਚੇਤ ਨੂੰ ਮਦਨ ਦਾ ਯੁਗ ਬੋਧ ਇੰਨ-ਬਿੰਨ ਪ੍ਰਵਾਨ ਨਹੀਂ, ਇਸੇ ਲਈ ਉਸਦਾ ਅਚੇਤ ਬੋਲਦਾ ਹੈ : "ਢੱਠੇ ਖੂਹ 'ਚ ਪਵੇ ਸੋਡਾ ਡਾਕਟਰ ਨਾਲੇ ਤੁਸੀਂ ਸਾਰੇ, ਜ਼ਹਿਰ ਈ ਚੰਗੈ ਮੈਨੂੰ।"

ਇਥੇ ਮਿਸ਼ੇਲ ਫੂਕੋ ਨੂੰ ਯਾਦ ਕਰਨਾ ਬਣਦਾ ਹੈ। ਉਸਦੀ ਮਾਨਤਾ ਹੈ ਕਿ ਜਿਸਨੂੰ ਅਸੀਂ ਪ੍ਰਮਾਣਿਕ ਸੱਚ ਮੰਨਦੇ ਹਾਂ ਉਹ ਹੋਰ ਕੁਝ ਨਹੀਂ, ਇਤਿਹਾਸ ਦੇ ਕਿਸੇ ਖਾਸ ਦੌਰ ਵਿਚ, ਖਾਸ ਸ਼ਕਤੀ ਸਮੂਹਾਂ ਦੁਆਰਾ ਆਪਣੇ ਹਿਤਾਂ ਦੇ ਅਨੁਕੂਲ ਘੜੀ ਗਈ ਇਕ ਧਾਰਨਾ ਹੁੰਦੀ ਹੈ। ਮਦਨ ਜਿਸ ਯੁਗ ਦੀ ਪੈਦਾਇਸ਼ ਹੈ, ਉਸ ਵਿਚ ਸਿਹਤ, ਸਿੱਖਿਆ ਅਤੇ ਭੋਜਨ ਸਭ ਬਾਜ਼ਾਰ ਦੀ ਜ਼ੱਦ ਹੇਠ ਹਨ। ਇਸ ਲਈ ਇਨ੍ਹਾਂ ਬਾਰੇ ਬਾਜ਼ਾਰ ਧਾਰਨਾਵਾਂ ਵੀ ਉਹੀ ਪ੍ਰਚੱਲਿਤ ਕਰਦਾ ਹੈ ਜਿਹੜੀਆਂ ਮੰਡੀ ਮੁੱਲਾਂ ਦੇ ਅਨੁਸਾਰੀ ਹੋਣ, ਵੱਧ ਮੁਨਾਫ਼ੇ ਦਾ ਜ਼ਰੀਆ ਬਣਦੀਆਂ ਹੋਣ। ਇਸ ਲਈ ਹੰਸਾ-ਰਾਮ ਦੁਲਾਰੀ, ਸ਼ਾਹੀ-ਸੀਤਾ ਅਤੇ ਮਦਨ-ਸਰਲਾ ਦੇ ਸਿਰਫ਼ ਜੀਵਨ ਮੁੱਲ ਹੀ ਵੱਖਰੇ ਨਹੀਂ ਹੋਣਗੇ, ਸਗੋਂ ਖਾਣ-ਪੀਣ, ਪਹਿਨਣ-ਪੱਚਰਨ ਅਤੇ ਸਿਹਤ ਸਬੰਧੀ ਇਨ੍ਹਾਂ ਦੀਆਂ ਧਾਰਨਾਵਾਂ ਵਿਚ ਵੀ ਇਕ ਬੁਨਿਆਦੀ ਫ਼ਰਕ ਨਜ਼ਰ ਆਵੇਗਾ। ਇਸ ਲਈ ਹੰਸਾ, ਸ਼ਾਹੀ, ਵੇਦ ਵਿਆਸ ਅਤੇ ਮਦਨ ਸਿਰਫ਼ ਇਸ ਕਥਾ ਦੇ ਪਾਤਰ ਹੀ ਨਹੀਂ ਸਗੋਂ ਜੀਵਨ ਜਿਉਣ ਦੀਆਂ ਵੱਖ-ਵੱਖ ਵਿਧੀਆਂ ਵਜੋਂ ਵੀ ਪੇਸ਼ ਹੋ ਰਹੇ ਹਨ। ਇਨ੍ਹਾਂ ਦਾ ਜੀਵਨ ਫ਼ਲਸਫ਼ਾ ਇਨ੍ਹਾਂ ਦੇ ਨਾਮਕਰਣ ਵਿਚ ਵੀ ਨਿਹਤ ਹੈ। ਇਕ ਪਾਸੇ ਭੋਗ-ਵਿਲਾਸ ਅਤੇ ਜੀਵਨ ਦੇ ਰਸਾਂ-ਕਸਾਂ ਉਤੇ ਵੱਤੋਂ ਵੱਧ ਖਰਚ ਕਰਨ ਵਾਲਾ ਸ਼ਾਹੀ ਹੈ ਤਾਂ ਦੂਜੇ ਪਾਸੇ ਬੋਚ ਬੋਚ ਕੇ ਪੱਬ ਧਰਨ ਵਾਲਾ ਵੇਦ ਵਿਆਸ ਹੈ। ਇਕ ਚਾਰਵਾਕ ਦਰਸ਼ਨ ਦਾ ਮੁਦੱਈ ਹੈ ਤਾਂ ਦੂਜੇ ਵਿਚੋਂ ਬੁੱਧ ਦੀ ਵਿਚਾਰਧਾਰਾ ਦੇ ਦੀਦਾਰ ਹੁੰਦੇ ਹਨ। ਇਕ ਪੱਛਮ ਹੈ ਤਾਂ ਦੂਜਾ ਪੂਰਬ। ਸ਼ਖ਼ਸੀਅਤਾਂ ਅਤੇ ਵਿਹਾਰ ਵਿਚਲੀ ਇਹ ਦੁਫੇੜ ਪਰੰਪਰਾ ਅਤੇ ਆਧੁਨਿਕਤਾ ਵਿਚਲੀ ਵੀ ਹੋ ਸਕਦੀ ਹੈ, ਆਧੁਨਿਕਤਾ ਅਤੇ ਉਤਰ- ਆਧੁਨਿਕਤਾ ਵਿਚਲੀ ਵੀ। ਤਰਕ ਦੇ ਆਧਾਰ ਤੇ ਗੱਲ ਕਰਨ ਵਾਲੀ ਆਧੁਨਿਕਤਾ ਸ਼ਾਹੀ ਵਾਂਗੂ ਰੱਬ ਦੀ ਹੋਂਦ ਨੂੰ ਟਿੱਚ ਕਰਕੇ ਜਾਣਦੀ ਹੈ। ਅਨੁਭਵ ਨੂੰ ਤਰਜੀਹ ਦੇਣ ਵਾਲੇ ਮਦਨ ਹੋਰੀਂ ਉਸਨੂੰ ਸਵੇਰੇ ਸ਼ਾਮ ਮੰਦਰ ਜਾ ਕੇ ਮਨ ਨੂੰ ਸ਼ਾਂਤ ਰੱਖਣ ਦਾ ਗੁਰ ਦੱਸਦੇ ਹਨ। ਨਾਮਕਰਣ ਦੀ ਇਹ ਦੁਫੇੜ ਸਿਰਫ਼ ਸ਼ਾਹੀ ਅਤੇ ਵੇਦ ਵਿਆਸ ਦੇ ਵਿਹਾਰ ਵਿਚੋਂ ਹੀ ਪ੍ਰਤੀਬਿੰਬਤ ਨਹੀਂ ਹੋ ਰਹੀ ਸਗੋਂ ਸ਼ਾਹੀ ਅਤੇ ਮਦਨ ਦੀ ਪ੍ਰਕਿਰਤੀ ਵਿਚੋਂ ਵੀ ਹੋ ਰਹੀ ਹੈ। ਪਹਿਲਾਂ ਅਸੀਂ ਦੇਖਿਆ ਸੀ ਕਿ ਸ਼ਾਹੀ ਸ਼ਬਦ ਭੋਗ-ਵਿਲਾਸ ਦਾ ਪ੍ਰਤੀਕ ਹੈ। ਜਦੋਂ ਕਿ ਮਦਨ ਦਾ ਅਰਥ ਹੈ 'ਕਾਮਦੇਵ'। ਸ਼ਾਹੀ ਕਾਮੀ ਹੈ। ਉਸਦਾ ਪੁੱਤਰ ਕਾਮਦੇਵ ਹੈ। ਸ਼ਾਹੀ ਦੇ ਕਾਮੀ ਵਿਹਾਰ ਕਾਰਨ ਉਸਦੀ ਸੀਤਾ ਵਰਗੀ ਸਰਲ ਸੁਭਾਅ ਪਤਨੀ ਕਾਮੁਕਤਾ ਦੀਆਂ ਹੱਦਾਂ ਟੱਪਦੀ ਹੈ। ਕਾਮਦੇਵ ਮਦਨ ਦੀ ਜਟਿਲ ਪਤਨੀ ਸਰਲਾ ਆਪਣੇ ਪਤੀ ਨਾਲ ਖੁਸ਼ ਹੈ। ਦੋਵੇਂ ਜੀਅ ਠਹਾਕੇ ਮਾਰ ਮਾਰ ਹੱਸਦੇ ਹਨ। ਉਨ੍ਹਾਂ ਦੀਆਂ ਚੁਲਬੁਲੀਆਂ ਆਵਾਜ਼ਾਂ ਸ਼ਾਹੀ ਨੂੰ ਪ੍ਰੇਸ਼ਾਨ ਕਰਦੀਆਂ ਹਨ। 'ਕਾਮੀ' ਅਤ੍ਰਿਪਤ ਵਾਸਨਾਵਾਂ ਦਾ ਪ੍ਰਤੀਕ ਹੈ। 'ਕਾਮਦੇਵ' ਭੋਗਣ, ਮਸਤ ਹੋ ਜਾਣ ਅਤੇ ਤ੍ਰਿਪਤੀ ਦਾ ਸੂਚਕ ਹੈ। 'ਕਾਮੀ' ਹਮੇਸ਼ਾਂ ਅੱਧਾ-ਅਧੂਰਾ ਹੈ। 'ਕਾਮਦੇਵ' ਆਨੰਦ ਵਿਚ ਗੜੂੰਦ ਪੂਰਾ ਸੂਰਾ ਹੈ। 'ਕਾਮੀ' ਪ੍ਰਾਪਤ ਨਾਲੋਂ ਅਪ੍ਰਾਪਤ ਤੇ ਵਧੇਰੇ ਕੇਂਦਰਿਤ ਹੁੰਦਾ ਹੈ। 'ਕਾਮਦੇਵ' ਪ੍ਰਾਪਤ ਨੂੰ ਮਾਨਣ ਵੱਲ ਰੁਚਿਤ ਹੁੰਦਾ ਹੈ। 'ਕਾਮੀ' ਦੀ ਮਨਸ਼ਾ ਹੋਰ ਅੱਗੇ ਅਤੇ ਨਵੇਂ ਜ਼ਾਇਕਿਆਂ ਦੀ ਹੁੰਦੀ ਹੈ। 'ਕਾਮਦੇਵ' ਲਈ ਅੱਗੇ ਨਾਲੋਂ ਗਹਿਰਾ ਵਰਤਮਾਨ ਵਧੇਰੇ ਮਹੱਤਵਪੂਰਨ ਹੁੰਦਾ ਹੈ। ਭਾਵੇਂ ਨਾਮਕਰਣ, ਸ਼ਖ਼ਸੀਅਤਾਂ ਅਤੇ ਵਿਹਾਰ ਵਿਚਲਾ ਇਹ ਅੰਤਰ ਕਾਲੇ ਅਤੇ ਚਿੱਟੇ ਵਾਂਗ ਪ੍ਰਗਟ ਨਹੀਂ ਹੋ ਰਿਹਾ, ਪਰ ਪਾਤਰ ਚਿਤਰਨ ਦੀ ਇਕ ਪ੍ਰਤੀਧੁਨੀ ਇਹੀ ਹੈ।

ਇਸ ਬਿਰਤਾਂਤ ਦਾ ਮਹੱਤਵਪੂਰਨ ਸੁਆਲ ਇਹ ਹੈ ਕਿ ਹੰਸਾ ਅਤੇ ਰਾਮ ਦੁਲਾਰੀ, ਵੇਦ ਵਿਆਸ, ਸੀਤਾ, ਮਦਨ ਅਤੇ ਸਰਲਾ ਇਹ ਸਾਰੇ ਵੱਖੋ-ਵੱਖਰੀ ਜੀਵਨ-ਜਾਚ ਨਾਲ ਜੀਵਨ ਜਿਉਂਦੇ ਹਨ। ਇਨ੍ਹਾਂ ਦੀ ਜੀਵਨ ਵਿਧੀ ਵਿਚ ਨਾ ਤਾਂ ਇਕਸਾਰਤਾ ਹੈ ਅਤੇ ਨਾ ਹੀ ਇਕਸੁਰਤਾ। ਪਰ ਇਹ ਉਹੋ ਜਿਹਾ ਦੁਖਾਂਤ ਬਿਲਕੁਲ ਵੀ ਭੋਗ ਨਹੀਂ ਰਹੇ ਜਿਹੋ ਜਿਹਾ ਸ਼ਾਹੀ ਭੋਗ ਰਿਹਾ ਹੈ। ਸ਼ਾਹੀ ਤੋਂ ਅਜਿਹੀ ਕਿਹੜੀ ਕੁਤਾਹੀ ਹੋਈ ਹੈ ਜਿਸਨੇ ਉਸ ਨੂੰ ਨਿਆਸਰਾ ਅਤੇ ਬੇਬੱਸ ਜਿਹਾ ਬਣਾ ਦਿੱਤਾ ਹੈ ? ਜਿਸਦੇ ਬੋਲੇ ਸ਼ਬਦਾਂ ਅਤੇ ਸੋਚੇ ਸ਼ਬਦਾਂ ਵਿਚਲਾ ਅੰਤਰ ਵੀ ਜ਼ਮੀਨ, ਅਸਮਾਨ ਦਾ ਹੋ ਜਾਂਦਾ ਹੈ ? ਸ਼ਾਇਦ ਜਵਾਬ ਇਹੀ ਹੈ ਕਿ ਅੱਤਾਂ ਵਿਚ ਵਿਚਰਨ ਵਾਲੇ ਦਾ ਹਸ਼ਰ ਇਹੀ ਹੁੰਦਾ ਹੋਵੇਗਾ। ਅੱਤਾਂ ਦੇ ਸਿਲਸਿਲੇ ਦੀ ਸ਼ੁਰੂਆਤ ਸ਼ਾਹੀ ਦੇ ਸਿਨੇਮੇ ਜਾਣ ਤੋਂ ਨਹੀਂ ਹੁੰਦੀ, ਸਗੋਂ ਬਾਪ ਦੇ ਹਟਕਣ ਤੋਂ ਬਾਅਦ ਵੀ ਫਿਰ ਅਗਲੇ ਦਿਨ ਉਹੀ ਫਿਲਮ ਜੋ ਉਹ ਇਕ ਦਿਨ ਪਹਿਲਾਂ ਵੀ ਦੇਖ ਕੇ ਆਇਆ ਹੈ, ਦੇਖਣ ਤੋਂ ਹੁੰਦੀ ਹੈ। ਦੂਜੀ ਅੱਤ ਉਹ ਹੰਸੇ ਅਤੇ ਰਾਮ ਦੁਲਾਰੀ ਦੀ

ਜੀਵਨ-ਵਿਧੀ ਨੂੰ ਰੱਦ ਕਰਕੇ ਕਰਦਾ ਹੈ। ਹੰਸੇ ਅਤੇ ਰਾਮ ਦੁਲਾਰੀ ਲਈ ਜੀਵਨ ਦਾ ਆਨੰਦ ਦਸਾਂ ਨਹੁੰਆਂ ਦੀ ਕਿਰਤ ਵਿਚ ਹੈ। ਉਨ੍ਹਾਂ ਲਈ ਬਰਕਤ ਅਤੇ ਸੰਤੁਸ਼ਟੀ ਸਾਦ-ਮੁਰਾਦੇ, ਦੂਜਿਆਂ ਦੀ ਖਾਤਰ ਜਿਉਈਂ ਜਾਣ ਵਾਲੀ ਜੀਵਨ-ਜਾਚ ਵਿਚ ਹੈ। ਪਰ ਸ਼ਾਹੀ ਦਾ ਤਾਂ ਸਪੱਸ਼ਟ ਐਲਾਨ ਹੈ : "ਘੱਟੋ ਘੱਟ ਮੈਂ ਤਾਂ ਐਂ ਨੀ ਜਿਓਣਾ"। ਤੀਜੀ ਅੱਤ ਕਲਰਕ ਹੁੰਦੇ ਹੋਏ ਵੀ ਜੀਵਨ ਦੇ ਰਸਾਂ-ਕਸਾਂ ਉਤੇ ਵਿਤੋਂ ਵੱਧ ਖਰਚ ਕਰਨ ਵਿਚ ਝਲਕਦੀ ਹੈ। ਵਿਆਹ ਬਾਹਰੇ ਸਬੰਧ ਸਿਰਜਣੇ ਇਕ ਹੋਰ ਅੱਤ ਹੈ। ਐਕਸੀਅਨ ਦਾ ਮੁਕਾਬਲਾ ਕਰਦੇ ਹੋਏ ਰੰਗਦਾਰ ਟੀ.ਵੀ. ਖਰੀਦ ਲਿਆਉਣਾ, ਆਪਣੀਆਂ ਹਵਸਾਂ ਦੀ ਪੂਰਤੀ ਹਿਤ ਪਤਨੀ ਨੂੰ ਸਜਣ-ਸੰਵਰਣ ਲਈ ਧੱਕੇ ਨਾਲ ਬਿਊਟੀ ਪਾਰਲਰ ਭੇਜਣਾ, ਉਸ ਨੂੰ ਜਬਰਦਸਤੀ ਸ਼ਰਾਬ ਪੀਣ ਲਾਉਣਾ, ਦੂਜਿਆਂ ਦੀਆਂ ਪਤਨੀਆਂ ਜੋ ਉਸਦੀ ਪਤਨੀ ਕੋਲ ਸਜਣ-ਸੰਵਰਣ ਲਈ ਆਉਂਦੀਆਂ ਹਨ, ਦੇ ਜਿਸਮਾਂ ਦੇ ਕਿੱਸੇ ਸੁਣਨੇ, ਵਾਸਨਾ ਵਿਚ ਇਸ ਹੱਦ ਤੱਕ ਗ੍ਰੱਸੇ ਹੋਣਾ ਕਿ ਉਸਦਾ ਹਰ ਦਿਨ ਜਿਵੇਂ ਖਾਣ-ਪੀਣ ਅਤੇ ਭੋਗ-ਵਿਲਾਸ ਲਈ ਹੀ ਬਣਿਆ ਹੋਵੇ ਆਦਿ ਸਭ ਅੱਤਾਂ ਦੇ ਸੂਚਕ ਕਾਰਜ ਹਨ। ਅੱਤਾਂ ਦੇ ਇਸ ਅਨੰਤ ਸਿਲਸਿਲੇ ਨੂੰ ਅਚਾਨਕ ਬ੍ਰੇਕ ਉਦੋਂ ਲਗਦੀ ਹੈ ਜਦੋਂ ਉਸਦੀ ਪਤਨੀ ਦਾ ਨਾਂ ਦੇਹ-ਵਿਉਪਾਰ ਦੇ ਧੰਦੇ ਦੇ ਪ੍ਰਸੰਗ ਵਿਚ ਅਖ਼ਬਾਰਾਂ ਵਿਚ ਵੀ ਨਸ਼ਰ ਹੋ ਜਾਂਦਾ ਹੈ। ਪਰ ਇਹ ਲਗਦਾ ਹੀ ਹੈ ਕਿ ਉਸਦੀਆਂ ਅੱਤਾਂ ਨੂੰ ਬ੍ਰੇਕ ਲੱਗ ਗਈ ਹੈ। ਅੱਤਾਂ ਸਿਰਫ਼ ਦਿਸ਼ਾ ਬਦਲਦੀਆਂ ਹਨ। ਸੀਤਾ ਨੂੰ ਧੂਹ ਕੇ ਘਰੋਂ ਬਾਹਰ ਕਰ ਦੇਣਾ ਅਤੇ ਮਦਨ ਨੂੰ ਮਾਂ ਬਣ ਕੇ ਪਾਲਣ ਦਾ ਫੈਸਲਾ ਲੈਣਾ ਵੀ ਅੱਤਾਂ ਦਾ ਹੀ ਇਕ ਹੋਰ ਰੂਪ ਹੈ। ਮਨੋਵਿਗਿਆਨ ਦੀ ਸ਼ਬਦਾਵਲੀ ਵਿਚ 'ਫੇਟਲ ਫਲਾਅ' ਨਾਂ ਦਾ ਇਕ ਸੰਕਲਪ ਹੈ, ਜਿਸ ਦੀ ਵਿਆਖਿਆ ਇਹ ਕੀਤੀ ਜਾਂਦੀ ਹੈ ਕਿ ਕਈ ਗੱਲਾਂ ਬੰਦਾ ਸੋਚ-ਸਮਝ ਕੇ ਨਹੀਂ ਕਰਦਾ, ਉਸ ਤੋਂ ਬੱਸ ਹੋ ਹੀ ਜਾਂਦੀਆਂ ਹਨ। ਉਹ ਚਾਹ ਕੇ ਵੀ ਬਹੁਤੀ ਵਾਰ ਬੇਬੱਸ ਹੁੰਦਾ ਹੈ। (ਇਨ੍ਹਾਂ ਦੀ ਬੁਨਿਆਦ ਵਿਚ ਕੀ ਕਾਰਨ ਹੋ ਸਕਦੇ ਹਨ, ਇਹ ਅਸੀਂ ਅੱਗੇ ਜਾ ਕੇ ਵਿਚਾਰਾਂਗੇ।) ਹੌਲੀ-ਹੌਲੀ ਇਹ ਗੱਲਾਂ ਉਸਦਾ ਸੁਭਾਅ (Behaviour pattern) ਬਣ ਜਾਂਦੀਆਂ ਹਨ। ਸ਼ਾਹੀ ਦੀਆਂ ਅਜਿਹੀਆਂ ਗੱਲਾਂ ਦੀ ਭਿਣਕ ਉਸਦੇ ਬਾਪ ਹੰਸੇ ਨੂੰ ਬਹੁਤ ਚਿਰ ਪਹਿਲਾਂ ਹੀ ਪੈ ਗਈ ਸੀ। ਇਸੇ ਲਈ ਉਹ ਬਾਲ ਓਮ ਪ੍ਰਕਾਸ਼ ਨੂੰ ਨਸੀਹਤ ਦਿੰਦਾ ਹੈ:

> "ਏਸ ਮਨੀ ਰਾਮ ਨੂੰ ਸਮਝਾ ਪੁੱਤ ਓਮਿਆ, ਭਟਕਣ ਛਲੇਡਾ ਹੁੰਦੀ ਹੈ ਭੋਲਿਆ ਪੁੱਤਾ, ਬੰਦੇ ਨੂੰ ਰਾਹੋਂ ਕੁਰਾਹੇ ਕਰਕੇ ਦਮ ਲੈਂਦੀ ਐ, ਏਸ ਕੁਲੱਛਣੀ ਦੀ ਉਂਗਲ ਫੜ੍ਹ ਕੇ ਤੁਰਨ ਵਾਲਾ ਜਾਂ ਰੋਹੀਏਂ ਭਟਕੂ ਜਾਂ ਖੂਹ ਖਾਤੇ ਡਿੱਗੂ, ਆਪਣੇ ਰਾਹ ਤੁਰੀਏ, ਸਿੱਧੇ ਨੱਕ ਦੀ ਸੇਧ, ਹੁਣ ਹੋਰ ਕੀ ਕਹਾਂ ਬੱਲਿਆ ? ਸਿਆਣੇ ਨੂੰ ਤਾਂ ਇਸ਼ਾਰਾ ਬਹੁਤ ਹੁੰਦੈ ਭਾਈ।"

ਇਹ ਮੱਤ ਸ਼ਾਇਦ ਹਰ ਬਾਪ ਆਪਣੇ ਬੱਚਿਆਂ ਨੂੰ ਦਿੰਦਾ ਹੋਵੇਗਾ। ਅੱਤਾਂ 'ਚ ਵਿਚਰਨਾ, ਮਨਮਰਜ਼ੀਆਂ ਕਰਨਾ ਅਤੇ ਅਵਾਰਗੀ ਦਾ ਰਾਹ ਚੁਣਨਾ ਅੱਲੜ੍ਹ ਉਮਰ ਦੇ ਪਛਾਣ-ਚਿੰਨ੍ਹ ਵੀ ਹਨ। ਪਰ ਪ੍ਰੋਢ ਅਨੁਭਵ ਤਾਂ ਅੱਤਾਂ ਨੂੰ ਸੰਤੁਲਨ ਵਿਚ, ਮਨਮਰਜ਼ੀਆਂ ਨੂੰ ਰਜ਼ਾਮੰਦੀਆਂ ਵਿਚ ਅਤੇ ਅਵਾਰਗੀ ਨੂੰ ਵਿਵਸਥਾ ਵਿਚ ਬਦਲਣ ਦੀ ਸਮਰੱਥਾ ਰੱਖਦਾ ਹੈ। ਫਿਰ ਕੀ ਸ਼ਾਹੀ ਸਾਰੀ ਉਮਰ ਕੋਈ ਅਨੁਭਵ ਹਾਸਲ ਨਹੀਂ ਕਰਦਾ ? ਜਿਸ 'ਕਰਾਰੇ' ਨੇ ਉਸ ਨੂੰ ਸਰੀਰਕ, ਮਾਨਸਿਕ ਅਤੇ ਸਮਾਜਿਕ ਤੌਰ ਤੇ 'ਮੁਰਦੜਾ' ਜਿਹਾ ਬਣਾ ਛੱਡਿਆ ਹੈ, ਉਹ ਤਾਂ ਆਪਣੀ ਨੂੰਹ ਨੂੰ ਹਾਲਾਂ ਵੀ ਫਰਮਾਇਸ਼ ਕਰ ਰਿਹਾ ਹੈ; "ਬੇਟੀ, ਚਾਰ ਕੁ ਪਕੌੜੇ ਤਾਂ ਬਣਾ ਅੱਜ, ਹਰੀ ਮਿਰਚ ਤੇ ਪਿਆਜ ਪਾ ਕੇ, ਮਨ ਬੜਾ ਭੜਕ ਰਿਹੈ ਕਰਾਰੇ ਨੂੰ।"

ਭਾਵੇਂ ਭਟਕਣਾ ਨੂੰ ਮਨੁੱਖੀ ਇਤਿਹਾਸ ਦੇ ਕਿਸੇ ਵੀ ਦੌਰ ਵਿਚੋਂ ਖਾਰਿਜ ਨਹੀਂ ਕੀਤਾ ਜਾ ਸਕਦਾ, ਪਰ ਮਨੁੱਖਤਾ ਦਾ ਵਿਕਾਸ ਭਟਕਣ ਤੋਂ ਵੱਧ ਅਨੁਸ਼ਾਸਨ ਨੇ ਕੀਤਾ ਹੈ। ਭਟਕਣਾ, ਮਨ ਦੀ ਮੌਜ ਅਤੇ ਕੁਦਰਤੀ ਆਜ਼ਾਦੀ 'ਚ ਵਿਸ਼ਵਾਸ ਰੱਖਣ ਵਾਲੇ ਮਨੁੱਖ ਦੇ ਪੂਰਵਜ ਤਾਂ ਹਾਲੇ ਵੀ ਦਰਖਤਾਂ 'ਤੇ ਟਪੂਸੀਆਂ ਮਾਰ ਰਹੇ ਹਨ। ਇਨ੍ਹਾਂ ਦੀ ਤਮਾਮ ਜੀਵਨ ਯਾਤਰਾ ਭੋਜਨ ਅਤੇ ਸੈਕਸ ਦੁਆਲੇ ਹੀ ਹੈ। ਇਹ ਰੋਜ਼ ਜਿਥੋਂ ਤੁਰਦੇ ਹਨ, ਉਥੇ ਹੀ ਪਹੁੰਚਦੇ ਹਨ। ਸ਼ਾਹੀ ਵੀ ਤਮਾਮ ਉਮਰ ਇਹੋ ਕੁਝ ਕਰਦਾ ਹੈ। ਮਨੁੱਖ ਹੋਣ ਕਰਕੇ ਉਸਦੀਆਂ ਵਾਸਨਾਵਾਂ ਦਾ ਘੇਰਾ ਵਿਸ਼ਾਲ ਹੈ, ਪਰ ਉਸਦੀ ਜੀਵਨ ਪਰਿਕਰਮਾ ਹੈ ਤਾਂ ਵਾਸ਼ਨਾਵਾਂ ਦੇ ਦੁਆਲੇ ਹੀ। ਸਾਡੇ ਕੋਲ ਸਮੁੱਚੇ ਬਿਰਤਾਂਤ ਵਿਚ ਇਕ ਵੀ ਕਥਾ ਵੇਰਵਾ ਉਪਲਬਧ ਨਹੀਂ, ਜੋ ਉਸਦੇ ਕਿੱਤੇ ਦੇ ਆਨੰਦ ਜਾਂ ਮਹਿਮਾ ਨੂੰ ਬਖਾਨ ਕਰਦਾ ਹੋਵੇ। ਨੌਕਰੀ ਸਬੰਧੀ ਉਪਲਬਧ ਇਕੋ ਇਕ ਵੇਰਵਾ, ਜੋ ਉਸਦਾ ਆਪਣੀ ਪਤਨੀ ਅੱਗੇ ਲਗਾਇਆ ਸਿਰਫ਼ ਬਹਾਨਾ ਹੈ, ਗੌਰ ਕਰਨ ਯੋਗ ਹੈ :

"ਬੇਚੈਨੀ ਕਾਹਦੀ ਹੈ ਤੈਨੂੰ, ਕਈ ਦਿਨਾਂ ਦਾ ਉਖੜਿਆ ਉਖੜਿਆ ਜਿਹਾ ਲਗਦੈਂ ਮੈਨੂੰ, ਦਫ਼ਤਰ ਕੋਈ ਗੱਲ ਹੋਈ ਐ ?" ਓਮ ਪ੍ਰਕਾਸ਼ ਦੇ ਬਦਲੇ ਤੌਰਾਂ ਨੂੰ ਭਾਂਪ ਕੇ ਸੀਤਾ ਨੇ ਘੋਖਵੇਂ ਢੰਗ ਨਾਲ ਪੁੱਛਿਆ ਸੀ।

"ਨਹੀਂ ਬੇਚੈਨੀ ਕਾਹਦੀ ਹੋਣੀ ਐਂ, ਐਵੇਂ ਲਗਦਾ ਤੈਨੂੰ, ਅੱਜ ਕੱਲ੍ਹ ਕੰਮ ਨੇ ਬੌਂਦਲਾ ਛੱਡੇ ਆਂ, ਇਲੈਕਸ਼ਨ ਨੇੜੇ ਆਉਣ ਕਰਕੇ ਸਰਕਾਰ ਨੇ ਟਿਊਬਵੈਲਾਂ ਦਾ ਆਰਜੀ ਕੋਟਾ ਖੋਲਤਾ ਕੇਰਾਂ ਈ।"

ਕਿਰਤ ਤੋਂ ਟੁੱਟਿਆ, ਜੀਭ ਦੇ ਸੁਆਦ ਤੋਂ ਲੈ ਕੇ ਹਰ ਤਰ੍ਹਾਂ ਦੇ ਰਸਾਂ-ਕਸਾਂ ਦੇ ਸੁਹਜ-ਸੁਆਦ ਵਿਚ ਅੱਤ ਦੀ ਹੱਦ ਤੱਕ ਗ੍ਰਸਿਆ ਸ਼ਾਹੀ, ਸਾਰੇ ਪਰਿਵਾਰ ਤੋਂ ਵੱਖਰਾ ਅਤੇ ਵੱਡਾ ਦੁਖਾਂਤ ਨਹੀਂ ਭੋਗੇਗਾ ਤਾਂ ਹੋਰ ਕੌਣ ਭੋਗੇਗਾ ? ਮਦਨ ਜਿਸ ਨੂੰ ਉਸ ਨੇ ਮਾਂ ਬਣ ਕੇ ਪਾਲਿਆ-ਪੋਸਿਆ, ਜਿਸਦੀ ਕੋਈ ਗੱਲ ਉਸ ਤੋਂ ਮੋੜੀ ਨਹੀਂ ਸੀ ਜਾਂਦੀ। ਸਰਲਾ, ਜਿਸ ਨੂੰ ਉਹ ਨੂੰਹ ਵਾਂਗ ਨਹੀਂ, ਸਗੋਂ ਬੇਟੀਆਂ ਵਾਲੇ ਮੋਹ ਨਾਲ ਬੁਲਾਉਂਦਾ ਹੈ ਅਤੇ ਸੀਤਾ, ਜਿਸ ਨੂੰ ਉਸਦੇ 'ਬੱਜਰ' ਗੁਨਾਹ ਦੇ ਬਾਵਜੂਦ ਵੀ ਘਰ ਵਿਚ ਮੁੜ ਪਨਾਹ ਦਿੱਤੀ ਸੀ, ਹੁਣ ਤਿੰਨੋ ਹੀ ਉਸਨੂੰ ਆਪਣੇ ਵਿਰੋਧੀਆਂ ਦੀ ਕਤਾਰ ਵਿਚ ਖੜ੍ਹੇ ਨਜ਼ਰ ਆਉਂਦੇ ਹਨ। ਭਾਵੇਂ ਇਨ੍ਹਾਂ ਦੇ ਵਿਰੋਧ ਦੀ ਅੰਤਿਮ ਮਨਸ਼ਾ ਸ਼ਾਹੀ ਦੇ ਸਿਹਤ ਯਾਫਤਾ ਰਹਿਣ ਵਿਚ ਹੀ ਹੈ ਪਰ ਜਿਸ ਤਰ੍ਹਾਂ ਦੀ ਕਤਾਰਬੰਦੀ ਨਜ਼ਰ ਆਉਂਦੀ ਹੈ ਉਸ ਵਿਚ ਸ਼ਾਹੀ ਇਕੱਲਾ ਅਲੱਗ-ਥਲੱਗ ਹੈ ਅਤੇ ਬਾਕੀ ਸਾਰਾ ਪਰਿਵਾਰ ਇਕ ਪਾਸੇ :

"ਅਕਸਰ ਏਹੀ ਹੁੰਦਾ। ਉਹ ਸਰਲਾ ਤੋਂ ਕੁਝ ਮੰਗਦਾ, ਸਰਲਾ ਅੱਗੋਂ ਮਦਨ ਨੂੰ ਜਾ ਦੱਸਦੀ। ਮਦਨ 'ਮਹਿਕ' ਬਿਊਟੀ ਪਾਰਲਰ ਤੇ ਫੋਨ ਕਰਕੇ ਆਪਣੀ ਮਾਂ ਸੀਤਾ ਨਾਲ ਸਲਾਹ ਮਸ਼ਵਰਾ ਕਰਨ ਲਗਦਾ।"

ਇਨ੍ਹਾਂ ਤਿੰਨਾਂ ਨੂੰ ਇਕਸੁਰਤਾ ਵਿਚ ਜੋੜਨ ਵਾਲਾ ਇਕ ਸੂਤਰ ਇਨ੍ਹਾਂ ਦਾ ਕਿਰਤ ਨਾਲ ਜੁੜੇ ਹੋਣਾ ਹੈ (ਕਿਉਂਕਿ ਹੁਣ ਤੱਕ ਤਾਂ ਬਿਰਤਾਂਤ ਸੀਤਾ ਦੀ ਕਿਰਤ ਦੀ ਸੁੱਚਤਾ ਤੇ ਕੋਈ ਕਿੰਤੂ ਨਹੀਂ ਉਠਾ ਰਿਹਾ) ਅਤੇ ਸ਼ਾਹੀ ਦੇ ਅਲੱਗ-ਥਲੱਗ ਪੈਣ ਦਾ ਕਾਰਨ ਉਸ ਦਾ ਕਿਰਤ ਤੋਂ ਟੁੱਟੇ ਹੋਣਾ ਹੈ। ਇਹ ਪੰਜਾਬੀ ਜੀਵਨ-ਜਾਚ ਦੀ ਤਾਸੀਰ ਹੈ। ਇਸ ਸਬੰਧੀ ਡਾ. ਜਸਵਿੰਦਰ ਸਿੰਘ ਦੀ ਧਾਰਨਾ ਹੈ ਕਿ ਪੰਜਾਬੀ ਸੁਭਾਅ ਕੰਮ ਨੂੰ ਮਨੁੱਖੀ ਹੋਂਦ ਦਾ ਪੂਰਕ ਮੰਨਦਾ ਹੈ। ਵਿਹਲੜ, ਕੰਮਚੋਰ, ਮਖੱਟੂ ਅਤੇ ਲੋਟੂ ਦੀ ਪੰਜਾਬੀ ਸਭਿਆਚਾਰ ਵਿਚ ਅਤਿਅੰਤ ਨਿੰਦਾਜਨਕ, ਸੀਮਾਂਤ ਅਤੇ ਵਰਜਿਤ ਸਥਿਤੀ ਹੈ। ਕਿਰਤੀ ਬੰਦੇ ਨੂੰ ਸਾਡੇ ਸਮਾਜ ਵਿਚ ਕਿਸ ਤਰ੍ਹਾਂ ਮਹਿਮਾ ਮੰਡਿਤ ਕੀਤਾ ਜਾਂਦਾ ਰਿਹਾ ਹੈ ਉਸਦੀ ਮਿਸਾਲ ਇਸ ਬਿਰਤਾਂਤ ਵਿਚ ਹੀ ਹਾਜ਼ਰ ਹੈ। ਓਮ ਪ੍ਰਕਾਸ਼ ਦੀ ਮਾਂ ਰਾਮ ਦੁਲਾਰੀ ਦਾ ਆਪਣੇ ਪਤੀ ਹੰਸੇ ਬਾਰੇ ਹੇਠ ਦਿੱਤਾ ਬਿਆਨ ਗੌਰ ਕਰਨ ਯੋਗ ਹੈ:

"ਸੱਚੀ ਗੱਲ ਐ ਭਾਈ, ਆਹ ਅਣਤੋਲੀ ਮਿੱਟੇ ਤੇ ਖੜ੍ਹੇ ਆਂ, ਜਦੋਂ ਦੀ ਐਸ ਘਰ 'ਚ ਆਈ ਐਂ, ਸੌਂਹ ਐ ਜੇ ਕਦੇ ਕਿਸੇ ਜੀਅ ਦੇ ਮੂੰਹੋਂ ਹਾਅ ਕੁਸ਼ ਸੁਣਿਆ ਹੋਵੇ, ਨਾ ਕਦੇ ਤੇਰੇ ਬਾਊ ਜੀ ਨੂੰ ਕੋਈ ਚੋਜ਼ ਕਰਦੇ ਵੇਖਿਆ। ਬੱਸ ਰੱਬ ਦੇ ਬੰਦੇ, ਭਲੇ ਲੋਕ ਨੇ ਕੁੱਕੜ ਦੀ ਬਾਂਗ ਨਾ ਉਠਣਾ, ਕੁਰਲੀ ਕਰਕੇ ਬਾਹਰ ਖੇਤਾਂ ਨੂੰ ਨਿਕਲ ਜਾਣਾ। ਮੁੜਦੇ ਰਾਹ – ਖੇੜੇ 'ਚੋਂ ਥੱਬੀ ਲੱਕੜਾਂ-ਛਟੀਆਂ ਦੀ 'ਕੱਠੀ ਕਰ ਲਿਆਉਣੀ। ਘਰੇ ਦੋ ਮੰਨੀਆਂ ਖਾ ਕੇ ਸੈਕਲ ਤੇ ਲੱਤ ਦੇਣੀ ਤੇ ਆਹ ਮੰਡੀਉਂ ਸੌਦਾ ਪੱਤਾ ਖਰੀਦਣ ਤੁਰ ਪੈਣਾ। ਗਰਮੀਆਂ 'ਚ ਹੌਂਕਦੇ ਨੇ ਤਿੱਖੜ ਦੁਪਹਿਰੇ ਮੁੜਨਾ, ਪਿਛਲੀ ਕਾਠੀ ਤੇ ਬਰਫ਼ ਦੀ ਸਿੱਲ੍ਹੀ ਲੱਦੀ ਹੋਣੀ, ਉਤੇ ਲਾਲ-ਬੱਤਿਆਂ ਦੀ ਕਰੇਟ ਧਰ ਕੇ ਟੂਪ ਨਾਲ ਕਸੀ ਹੋਣੀਂ। ਖੁਰਜੀ ਦੇ ਦੋਵੇਂ ਪਾਸੇ ਪਕੌੜੇ ਬਣਾਉਣ ਵਾਲੀ ਰਸਦ, ਵੇਸਣ, ਆਲੂ, ਗੰਢੇ, ਵੈਂਗਣ, ਹਰੀਆਂ ਮਿਰਚਾਂ, ਇਮਲੀ, ਪੁਦੀਨਾ ਵਰਗੇ ਨਿੱਕ ਸੁੱਕ ਨਾਲ ਤੁਸੇ ਹੋਣੇ। ਮਾੜਾ ਜਾ ਦਮ ਮਾਰ ਕੇ ਇਮਲੀ ਦੀ ਚਟਣੀ ਬਣਾਉਣ ਜੁਟ ਜਾਣਾ, ਚਾਸਣੀ ਦੇ ਰੰਗਲੇ ਪਾਣੀ ਦੀਆਂ ਬੋਤਲਾਂ ਭਰ ਲੈਣੀਆਂ। ਮਾੜਾ ਜਾ ਦਿਨ ਢਲੇ ਕੁਲਫੀਆਂ ਲੈਣ ਆਏ ਜੁਆਕਾਂ ਨੇ ਆ ਘੇਰਾ ਘੱਤਣਾ ਤੇ ਓਹਨੇ ਖੜਜੋ ਓਏ ਕਾਹਲਿਓ ਕਿਵੇਂ ਆਤਸ਼ਬਾਜ਼ੀ ਵਾਂਗੂੰ ਆਉਂਦੇ ਐ, ਆਖਦਿਆਂ ਬਰਫ਼ ਰੰਦ ਰੰਦ ਕੇ ਗੋਲੇ ਬਣਾਉਣੇ ਤੇ ਉਤੇ ਚਾਸ਼ਨੀ ਪਾ ਕੇ ਜੁਆਕਾਂ ਨੂੰ ਫੜ੍ਹਾਈ ਜਾਣੇ। ਨਾਲ ਦੀ ਭੱਠੀ 'ਚ ਕੋਲੇ ਮਘਾ ਕੇ ਤੇਲ ਆਲੀ ਕੜਾਹੀ ਧਰ ਦੇਣੀ ਤੇ ਪਕੌੜਿਆਂ ਦੇ ਕੱਚੇ ਪੂਰ ਕੱਢਣ ਲੱਗ ਪੈਣਾ। ਸਾਰੇ ਪਿੰਡ 'ਚ ਸਲਾਹੁਤਾ ਸੀ ਤੇਰੇ ਬਾਊ ਜੀ ਦੇ ਪਕੌੜਿਆਂ ਦੀ। 'ਲੈ ਓਮੇ ਦੀ ਝਾਈ ਅੱਜ ਤਾਂ ਲੱਛਮੀ ਨੇ ਚਿੱਠੇ ਤਾਰ ਤੇ ਜਾਣੀਦੀ।' ਆਂਹਦਿਆਂ ਲੈਂਪ ਦੇ ਚਾਨਣੇ ਬੈਠਾ ਉਹ ਵੱਟਤ ਦਾ ਹਿਸਾਬ ਕਰਦਾ ਤਾਂ ਯਾਨੀ ਮੂੰਹ ਤੇ ਬਰਕਤ ਖੇਡਦੀ ਦਿਸਦੀ। ਭਾਈ ਹੋਰ ਬਰਕਤ ਕੀ ਹੁੰਦੀ ਐ ? ਆਵਦੀ ਕਿਰਤ-ਕਮਾਈ ਨਾਲ ਕਰਮਾਂ ਆਲੇ ਨੇ ਤੇਰੀਆਂ ਦੋਵੇਂ ਭੈਣਾਂ ਪੁੰਨ ਦੇ ਸਾਕਾਂ ਨਾਲ ਤੋਰੀਆਂ, ਸੋਨੂੰ ਤਿੰਨੇ ਭਰਾਵਾਂ ਨੂੰ ਰੋਟੀ ਦੇ ਸਿਰੇ ਕੀਤਾ। ਜੇ ਭਾਈ ਚੋਜ਼ ਕਰਦਾ ਤਾਂ ਕਿੱਥੋਂ ਪੈਂਦੀਆਂ ਪੂਰੀਆਂ, ਹੈਂ...?"

ਪਰ ਓਮ ਪ੍ਰਕਾਸ਼ ਕਿਰਤ ਦੀ ਇਸ ਬਰਕਤ ਨੂੰ ਉਗਾਲੀ ਕਰਦੇ ਬਲਦ ਦੇ ਮੂੰਹ ਤੇ ਖੇਡਦੀ ਬਰਕਤ ਨਾਲ ਤੁਲਨਾਉਂਦਾ ਹੈ। ਰਾਮ ਦੁਲਾਰੀ ਆਪਣੀ ਸਮੁੱਚੀ ਗੱਲਬਾਤ ਦੌਰਾਨ ਓਮ ਪ੍ਰਕਾਸ਼ ਦੇ ਪਰਿਵਾਰ ਤੋਂ ਵੱਖਰੇ ਵਿਹਾਰ ਬਾਰੇ ਤਿੰਨ ਸ਼ੰਕੇ ਜ਼ਾਹਰ ਕਰ ਰਹੀ ਹੈ। ਉਸ ਦੇ ਸੰਵਾਦ ਗੌਰ ਕਰਨ ਯੋਗ ਹਨ :

1. ਤੂੰ ਤਾਂ ਭਾਈ ਓਮਿਆ, ਜਾਣੀ ਦਾ ਕਿਸੇ ਹੋਰ ਈ ਮਿੱਟੀ ਦਾ ਬਣਿਐ ਅਸਚਰਜ ਗੱਲਾਂ ਕਰਦੈਂ।
2. ਪਤਾ ਨੀ ਕਿਹੜੇ ਚੋਜ਼ੀ ਪ੍ਰੀਤਮ ਨੇ ਗੁੜਤੀ ਦਿੱਤੀ ਸੀ, ਆਪਣੇ ਤਾਂ ਕੋੜਮੇ ’ਚ ਕੋਈ ਨੀ ਸੀ ਐਸ ਤਰ੍ਹਾਂ ਦਾ।
3. ਤੇਰਾ ਤਾਂ ਉਈਂ ਚਾਰ ਅੱਖਰਾਂ ਨੇ ਯਾਨੀ ਡਮਾਕ ਚੱਕ ਤਾ, ਪਤਾ ਨੀ ਔਹੋ ਜਾ ਕੀ ਕਾਲਾ ਇਲਮ ਸਿਖਾਉਂਦੇ ਐ ਔਤਰੇ ਸਕੂਲ ’ਚ।

ਰਾਮ ਦੁਲਾਰੀ ਦਾ ਪਹਿਲਾ ਸ਼ੰਕਾ ਇਹ ਹੈ ਕਿ ਉਸਦਾ ਪੁੱਤਰ ਓਮਾ ਕਿਸੇ ਹੋਰ ਮਿੱਟੀ ਦਾ ਬਣਿਆ ਹੈ। ਮਿੱਟੀ ਦੇ ਅਰਥ ਤਾਂ ਕਈ ਹੋ ਸਕਦੇ ਹਨ, ਪਰ ਇਥੇ ਇਸ ਦਾ ਇਕ ਅਰਥ ਤੁਖ਼ਮ ਵੀ ਹੋ ਸਕਦਾ ਹੈ। ਜੇ ਵਿਗਿਆਨ ਦੀ ਭਾਸ਼ਾ ਵਿਚ ਗੱਲ ਕਰਨੀ ਹੋਵੇ ਤਾਂ ਇਸਦਾ ਇਸ਼ਾਰਾ ਓਮ ਪ੍ਰਕਾਸ਼ ਦੀ ਇਕ ਵੱਖਰੀ ਜਨੈਟਕ ਸਟ੍ਰਕਚਰ ਵੱਲ ਹੈ। ਭਾਵ ਹੰਸੇ ਅਤੇ ਰਾਮ ਦੁਲਾਰੀ ਦੇ ਜੀਨ ਉਸ ਤੇ ਹਾਵੀ ਨਹੀਂ ਹਨ। ਜੀਨ ਵਿਗਿਆਨ ਦੀਆਂ ਖੋਜਾਂ ਦੱਸਦੀਆਂ ਹਨ ਕਿ ਕਿਸੇ ਵੀ ਵਿਅਕਤੀ ਵਿਚ ਉਸਦੀਆਂ ਪਿਛਲੀਆਂ ਕਈ ਪੀੜ੍ਹੀਆਂ ਵਿਚੋਂ ਕਿਸੇ ਦਾ ਕੋਈ ਵੀ ਜੀਨ ਸ਼ਕਤੀਵਰ (ਦਰਠਜਅਕਅਵ) ਹੋ ਸਕਦਾ ਹੈ। ਇਸ ਬਿਰਤਾਂਤ ਵਿਚ ਸਪੱਸ਼ਟ ਹੈ ਕਿ ਓਮੇ ਅਤੇ ਹੰਸੇ/ਰਾਮ ਦੁਲਾਰੀ ਦੀ ਜੀਵਨ ਵਿਧੀ ਅਤੇ ਜੀਵਨ ਮੁੱਲਾਂ ਵਿਚਲਾ ਪਾੜਾ ਏਨਾ ਵੱਡਾ ਹੈ ਕਿ ਓਮੇ ਦੇ ਵਿਹਾਰ ਨੂੰ ਨਿਯੰਤਰਿਤ ਕਰਨ ਵਾਲੇ ਸ਼ਕਤੀਵਰ (ਦਰਠਜਅਕਅਵ) ਜੀਨ ਉਸਦੇ ਦੂਰਗਾਮੀ ਪਿਛੋਕੜ ਨਾਲ ਸਬੰਧਤ ਹਨ। ਇਹ ਪਿਛੋਕੜ ਉਸਦੇ ਕੋੜਮੇ ਦੇ ਸਵੈਮੁਖੀ, ਵਾਸਨਾਵਾਂ ਦੇ ਪੂਜਕ, ਵਿਹਲੜ, ਕਾਮ ਅਤੇ ਕਾਮਨਾ ਵਿਚ ਗ੍ਰਸੇ ਕਿਸੇ ਵੀ ਸਵੈਮੁਖੀ ਵਿਅਕਤੀ ਦਾ ਹੋ ਸਕਦਾ ਹੈ।

ਜਲਦੀ ਹੀ ਰਾਮ ਦੁਲਾਰੀ ਇਕ ਦੂਜੀ ਸੰਭਾਵਨਾ ਵੱਲ ਵੀ ਇਸ਼ਾਰਾ ਕਰਦੀ ਹੈ। ਕਿਉਂਕਿ ਜਦੋਂ ਉਹ ਆਪਣੇ ਪਰਿਵਾਰ ਦੇ ਪਿਛੋਕੜ ਵੱਲ ਝਾਤੀ ਮਾਰਦੀ ਹੈ ਤਾਂ ਉਸਨੂੰ ਜਾਪਦਾ ਹੈ ਕਿ ਓਮੇ ਦੀ ਤਾਸੀਰ ਵਰਗਾ ਤਾਂ ਪੂਰੇ ਕੋੜਮੇ ’ਚ ਕੋਈ ਨਹੀਂ ਸੀ। ਫਿਰ ਇਹ ਏਦਾਂ ਦਾ ਕਿਉਂ ਨਿਕਲਿਆ ? ਇਸੇ ਲਈ ਉਹ ਸੋਚਦੀ ਹੈ ਕਿ ਪਤਾ ਨੀ ਕਿਹੜੇ ਚੋਜੀ ਪ੍ਰੀਤਮ ਨੇ ਇਸ ਨੂੰ ਗੁੜਤੀ ਦਿੱਤੀ ਸੀ। ‘ਗੁੜਤੀ ਦੇਣਾ’ ਸੰਸਕਾਰ ਦੇਣ ਦਾ ਹੀ ਪ੍ਰਤੀਕਨੁਮਾ ਲੋਕਧਾਰਾਈ ਰੂਪ ਹੈ। ਇਸ ਲਈ ਜੇ ਰਾਮ ਦੁਲਾਰੀ ਦੇ ਸ਼ੰਕਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਉਸ ਦਾ ਮੰਨਣਾ ਹੈ ਕਿ ਵਿਗਾੜ ਦੀ ਸੰਭਾਵਨਾ ਉਸ ਦੀ ਜਨੈਟਿਕ ਸਟਰਕਚਰ ਵਿਚ ਘੱਟ, ਸਗੋਂ ਚੰਗੇ ਸੰਸਕਾਰਾਂ ਦੇ ਨਾ ਮਿਲਣ ਵਿਚ ਵਧੇਰੇ ਹੈ। ਸੰਸਕਾਰਾਂ ਦਾ ਸਬੰਧ ਮਾਂ-ਬਾਪ, ਦਾਦਾ-ਦਾਦੀ, ਨਾਨਾ-ਨਾਨੀ ਅਤੇ ਦੂਜੇ ਸਾਕ-ਸਕੀਰੀ ਸਬੰਧਾਂ ਤੋਂ ਇਲਾਵਾ ਭਾਈਚਾਰੇ, ਮਿੱਤਰ ਮੰਡਲੀਆਂ ਅਤੇ ਸਮਾਜ ਤੋਂ ਮਿਲਣ ਵਾਲੇ ਜੀਵਨ ਮੁੱਲਾਂ ਨਾਲ ਜਾ ਜੁੜਦਾ ਹੈ। ਇਹ ਦਰਅਸਲ ਗੈਰ-ਰਸਮੀ ਸਿੱਖਿਆ (Informal education) ਦਾ ਹੀ ਇਕ ਰੂਪ ਹੈ। ਇਸੇ ਲਈ ਇਕ ਸੰਭਾਵਨਾ ਇਹ ਵੀ ਜਗਾਈ ਗਈ ਹੈ ਕਿ ਉਸਦੀ informal education ਹੀ ਉਸ ਦੀ ਇਹੋ ਜਿਹੀ ਸ਼ਖ਼ਸੀਅਤ ਲਈ ਜ਼ਿੰਮੇਵਾਰ ਹੈ। ਵੈਸੇ ਵੀ ਸ਼ਾਹੀ ਦੇ ਯੁਗ ਤੱਕ ਪਹੁੰਚਦੇ-ਪਹੁੰਚਦੇ informal education/ਸੰਸਕਾਰ/ਗੁੜਤੀ ਦਾ ਕਾਰਜ ਪਰਿਵਾਰ, ਰਿਸ਼ਤੇ-ਨਾਤੇ, ਸਾਕ-ਸਕੀਰੀਆਂ ਅਤੇ ਸਮਾਜਕ ਸਮੂਹਾਂ ਤੋਂ ਇਲਾਵਾ ਟੀ.ਵੀ./ਸਿਨੇਮੇ ਦੁਆਰਾ ਵੀ ਨਿਭਾਇਆ ਜਾਣ ਲੱਗਾ ਸੀ। ਸ਼ਾਹੀ ਤਾਂ ਅੱਲੜ੍ਹ ਉਮਰੇ ਹੀ ਸਿਨੇਮੇ ਦੇ ਜਾਲ ਵਿਚ ਫਾਹਿਆ ਗਿਆ ਸੀ। ਉਸ ਨੂੰ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨਾਲੋਂ ਸਕਰੀਨ ਦੀ ਦੁਨੀਆਂ ਵਧੇਰੇ ਭਾਉਣ ਲੱਗ ਪਈ ਸੀ। ਆਪਣੀ ਬਾਅਦ ਦੀ ਜ਼ਿੰਦਗੀ ਵਿਚ ਵੀ ਉਹ ਆਪਣੀ ਪਤਨੀ ਵਿਚੋਂ ਵੀ ਜੋ ਕੁਝ ਦੇਖਣਾ ਚਾਹੁੰਦਾ ਹੈ, ਉਹ ਯਥਾਰਥ ਘੱਟ ਅਤੇ ਫਿਲਮੀ ਵਧੇਰੇ ਹੈ। ਟੀ.ਵੀ. ਅਤੇ ਸਿਨੇਮੇ ਦੀਆਂ ਨਾਇਕਾਵਾਂ ਨੇ ਸ਼ਾਹੀ ਦੇ ਅਵਚੇਤਨ ’ਤੇ ਇਸ ਤਰ੍ਹਾਂ ਨਿਯੰਤਰਣ ਕੀਤਾ ਹੋਇਆ ਹੈ ਕਿ ਉਸ ਲਈ ਵਾਸਤਵਿਕ ਗੈਰ-ਯਥਾਰਥਕ ਹੈ ਅਤੇ ਵਾਸਤਵਿਕਤਾ ਦਾ ਭਰਮ, ਯਥਾਰਥਕ। ਇਥੇ ਸੂਸਨ ਸੌਂਟੈਗ ਦੀ ਯਾਦ ਆਉਂਦੀ ਹੈ, ਜਿਸਨੇ ਕਦੇ ਕਿਹਾ ਸੀ ਕਿ ਕੈਮਰਾ ਇਕ ਅਜਿਹੀ ਅੱਖ ਹੈ ਜਿਹੜੀ ਇਕ ਖਾਸ ਕੋਣ, ਖਾਸ ਜ਼ਮੀਨ, ਖਾਸ ਦੂਰੀ ਤੋਂ ਇਕ ਖਾਸ ਮਨਸ਼ਾ ਨਾਲ ਵਸਤਾਂ/ਵਰਤਾਰਿਆਂ ਨੂੰ ਦਿਖਾਉਂਦਾ ਹੈ। ਉਹ ਕੁਝ ਚੀਜ਼ਾਂ ਨੂੰ ਚੁਣਦਾ ਹੈ ਅਤੇ ਕੁਝ ਨੂੰ ਛੱਡ ਦਿੰਦਾ ਹੈ। ਕੁਝ ਨੂੰ ਸੰਵਾਰਦਾ ਹੈ, ਉਭਾਰਦਾ ਹੈ ਜਾਂ ਉਨ੍ਹਾਂ ਨੂੰ ਘਟਾ ਦਿੰਦਾ ਹੈ। ਇਹ ਵਾਸਤਵਿਕਤਾ ਦੇ ਬੋਧ ਨਾਲ ‘ਮੈਨੂਪੁਲੇਸ਼ਨ’ ਹੈ। ਉਸਦਾ ਕਹਿਣਾ ਹੈ ਕਿ ਅਸੀਂ ਕੈਮਰੇ ਦੀ ਅੱਖ ਨਾਲ ਸਭ ਕੁਝ ਦੇਖਦੇ ਹਾਂ, ਕੌਣ ਇਸ ਨੂੰ ਦਿਖਾ ਰਿਹਾ ਹੈ, ਕੌਣ ਇਸ ਪੂਰੇ ਪ੍ਰਪੰਚ ਦਾ ਸੂਤਰਧਾਰ ਹੈ, ਇਸ ਨੂੰ ਅਕਸਰ ਨਹੀਂ ਜਾਣ ਪਾਉਂਦੇ। ਬਹੁਤੀ ਵਾਰ ਇਹ ਦਿਖਾਉਣ ਵਾਲਾ

ਉਸ ਸਮੇਂ ਦਾ ਭਾਰੂ ਪ੍ਰਵਚਨ ਹੀ ਹੁੰਦਾ ਹੈ। ਜਿਵੇਂ ਅੱਜ ਦਾ ਭਾਰੂ ਪ੍ਰਵਚਨ ਬਾਜ਼ਾਰ (market forces) ਦਾ ਹੈ। ਮੀਡੀਏ ਤੇ ਕਬਜ਼ਾ ਬਜ਼ਾਰ ਦਾ ਹੈ ਅਤੇ ਮੀਡੀਏ ਦਾ ਬੋਲਬਾਲਾ ਘਰ ਘਰ ਹੈ। ਇਸ ਲਈ ਬੱਚੇ ਨੂੰ ਗੁੜਤੀ/ਸੰਸਕਾਰ ਉਹੀ ਮਿਲਦੇ ਹਨ ਜੋ ਬਾਜ਼ਾਰੀ ਹਿੱਤਾਂ ਦੇ ਅਨੁਸਾਰੀ ਹੋਣ। ਸ਼ਾਹੀ ਦੇ ਅੱਲੜ੍ਹ ਦਿਨਾਂ ਵਿਚ ਬਾਜ਼ਾਰੀ ਤਾਕਤਾਂ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਲਈ ਰਾਮ ਦੁਲਾਰੀ ਦਾ ਗੁੜਤੀ ਵਾਲਾ ਦੂਜਾ ਸ਼ੰਕਾ ਵੀ ਵਾਜਬ ਹੈ।

ਰਾਮ ਦੁਲਾਰੀ ਨੂੰ ਗਿਲਾ ਰਸਮੀ ਸਿੱਖਿਆ ਤੰਤਰ (formal education system) ਤੇ ਵੀ ਹੈ। ਉਸਨੂੰ ਜਾਪਦਾ ਹੈ ਕਿ ਸਿੱਖਿਆ ਪ੍ਰਬੰਧ ਵਿਚ ਹੀ ਕਿਤੇ ਘਾਟ ਹੈ ਜਿਹੜੀ ਓਮੇ ਵਰਗੀਆਂ ਸ਼ਖ਼ਸੀਅਤਾਂ ਸਿਰਜ ਰਹੀ ਹੈ। ਉਹ ਕਹਿੰਦੀ ਹੈ ਕਿ "ਤੇਰਾ ਤਾਂ ਉਈਂ ਚਾਰ ਅੱਖਰਾਂ ਨੇ ਯਾਨੀ ਡਮਾਕ ਚੱਕ ਤਾ। ਪਤਾ ਨੀ ਐਹੋ ਜਾ ਕੀ ਕਾਲਾ ਇਲਮ ਸਿਖਾਉਂਦੇ ਐ ਔਤਰੇ ਸਕੂਲਾਂ 'ਚ।"

ਰਾਮ ਦੁਲਾਰੀ ਦਾ ਸ਼ਿਕਵਾ ਵਾਜਬ ਹੈ। ਜਿਹੜੇ ਸਿੱਖਿਆ ਤੰਤਰ ਦੀ ਬੁਨਿਆਦ ਹੀ ਮੁਕਾਬਲੇ 'ਤੇ ਹੋਵੇ, ਉਹ ਸਵੈਮੁਖੀ ਓਮੇ ਨਹੀਂ ਪੈਦਾ ਕਰੇਗਾ ਤਾਂ ਹੋਰ ਕੀ ਕਰੇਗਾ। ਵੈਸੇ ਵੀ ਸਮਝਣ ਵਾਲੀ ਗੱਲ ਤਾਂ ਏਨੀ ਹੈ ਕਿ ਸਿੱਖਿਆ ਦੇ ਸਿਸਟਮ ਨੂੰ ਸਿਰਜਣ ਵਾਲੇ ਸਮਾਜ ਦਾ ਹੀ ਅੰਗ ਹਨ। ਵਡੇਰੇ ਪ੍ਰਸੰਗ ਵਿਚ ਸਮਾਜ ਦਾ ਜੋ ਭਾਰੂ ਪ੍ਰਵਚਨ ਹੋਵੇਗਾ, ਸਿੱਖਿਆ ਦਾ ਉਪ-ਪ੍ਰਬੰਧ (Sub System) ਉਸ ਪ੍ਰਵਚਨ ਦੇ ਅਧੀਨ ਹੀ ਕਾਰਜ ਕਰੇਗਾ। ਜੇ ਸਮਾਜ ਵਿਚ ਸਹਿਹੋਂਦ ਦੀ ਬਜਾਇ ਮੁਕਾਬਲਾ ਹੈ, ਸਮੂਹ ਦੀ ਥਾਂ ਵਿਅਕਤੀ ਪ੍ਰਧਾਨ ਹੈ, ਤਿਆਗ ਦੀ ਜਗ੍ਹਾ ਤਮ੍ਹਾਂ ਭਾਰੂ ਹੈ ਤਾਂ ਸਿੱਖਿਆ ਤੰਤਰ ਵੀ ਅਚੇਤ/ਸੁਚੇਤ ਇਨ੍ਹਾਂ ਰਾਹਾਂ ਤੇ ਹੀ ਚੱਲ ਰਿਹਾ ਹੋਵੇਗਾ।

ਸਥਿਤੀ ਸਪੱਸ਼ਟ ਹੈ। ਘਰ ਦੇ ਅੰਦਰ ਅਤੇ ਘਰ ਦੇ ਬਾਹਰ ਦਾ ਵਾਤਾਵਰਣ ਦੋਵੇਂ ਹੀ ਬੰਦੇ ਦੀ ਮਨੋਸਰੀਰਕ ਸੰਰਚਨਾ ਨੂੰ ਘੜਦੇ ਹਨ। ਭਾਵੇਂ ਬੰਦੇ ਦੀ ਜਨੈਟਕਸ ਬੰਦੇ ਦੇ ਵਿਹਾਰ ਨੂੰ ਨਿਸ਼ਚਿਤ ਕਰਦੀ ਹੈ, ਪਰ ਵਾਤਾਵਰਣ ਉਸ ਵਿਹਾਰ ਦੇ ਪ੍ਰਗਟਾ ਲਈ ਮੌਕੇ ਪ੍ਰਦਾਨ ਕਰਦਾ ਹੈ। ਮਿਸ਼ੇਲ ਫੂਕੋ ਵਰਗਿਆਂ ਦਾ ਤਾਂ ਇਹ ਵੀ ਮੰਨਣਾ ਹੈ ਕਿ ਵਾਤਾਵਰਣ ਵਿਚ ਤਾਂ ਬੰਦੇ ਦੀ ਜਨੈਟਕਸ ਨੂੰ ਵੀ ਪਰਿਵਰਤਿਤ ਕਰਨ ਦੀ ਸਮਰੱਥਾ ਹੈ। ਅੱਜ ਦੇ ਸਮਾਜ ਵਿਚ ਘਰ ਵਿਚਲੀ ਅਤੇ ਘਰੋਂ ਬਾਹਰਲੀ ਸਪੇਸ ਦੋਵੇਂ ਹੀ ਮੀਡੀਏ ਅਤੇ ਬਾਜ਼ਾਰ ਦੀ ਜ਼ੱਦ ਹੇਠ ਹਨ। ਇਹ ਜਿਸ ਤਰ੍ਹਾਂ ਦੀ ਚੇਤਨਾ ਸਿਰਜ ਰਹੇ ਹਨ, ਉਹ ਵਸਤਾਂ/ਵਰਤਾਰਿਆਂ ਨੂੰ ਸਮੱਗਰਤਾ ਸਮੇਤ ਦੇਖਣ ਦੀ ਥਾਂ ਟੁਕੜਿਆਂ ਜਾਂ ਅੰਸ਼ਾਂ ਨੂੰ ਸਮੱਗਰ ਸਮਝ ਲੈਣ ਦੀ ਹੈ। ਸਿੱਟੇ ਵਜੋਂ ਹੌਲੀ ਹੌਲੀ ਵਿਅਕਤੀ ਇਤਿਹਾਸਕ ਚੇਤਨਾ ਰਾਹੀਂ ਸਮੱਗਰਤਾ ਸਬੰਧੀ ਸੋਚਣਾ ਹੀ ਛੱਡ ਦਿੰਦਾ ਹੈ। ਸ਼ਾਹੀ ਅਤੇ ਰਾਮ ਦੁਲਾਰੀ ਵਿਚ ਇਹੀ ਫ਼ਰਕ ਹੈ। ਰਾਮ ਦੁਲਾਰੀ ਹਰ ਵੇਲੇ ਆਪਣੇ ਇਤਿਹਾਸ ਅਤੇ ਪਿਛੋਕੜ ਦੇ ਸੰਦਰਭ ਵਿਚ ਹੀ ਸੋਚਦੀ ਹੈ, ਜਦੋਂ ਕਿ ਸ਼ਾਹੀ ਲਈ ਇਤਿਹਾਸ ਸਿਰਫ਼ ਬੀਤੇ ਦੀ ਰਹਿੰਦ ਖੂੰਹਦ ਹੀ ਹੈ। ਇਸੇ ਲਈ ਪਰਿਵਾਰਕ ਪਰੰਪਰਾ ਨੂੰ ਕਾਟੇ ਹੇਠ ਰੱਖਦਾ ਸ਼ਾਹੀ ਐਲਾਨ ਕਰਦਾ ਹੈ :

"ਝਾਈ ਤੂੰ ਭਾਵੇਂ ਦਿਮਾਗ ਹਿੱਲਿਆ ਕਹਿ ਜਾਂ ਕੁਸ਼ ਹੋਰ, ਘੱਟੋ-ਘੱਟ ਮੈਂ ਤਾਂ ਐਂ ਨੀ ਜਿਉਣਾ... ।"

ਅਜਿਹੇ ਸ਼ਾਹੀ ਦੀ ਸਿਰਜਣਾ ਇਕ ਦਿਨ ਵਿਚ ਨਹੀਂ ਹੋਈ। ਭਾਵੇਂ ਰਾਮ ਦੁਲਾਰੀ ਦੇ ਤਿੰਨੇ ਸ਼ੰਕੇ ਸਹੀ ਹਨ ਪਰ ਵੱਡੀ ਭੂਮਿਕਾ ਵਾਤਾਵਰਣ ਦੀ ਹੈ। ਵਾਤਾਵਰਣ ਉਹੀ ਸਿਰਜਿਆ ਜਾ ਰਿਹਾ ਹੈ ਜੋ ਬਾਜ਼ਾਰ ਨੂੰ ਠੀਕ ਬੈਠਦਾ ਹੈ। ਇਹ ਇਸ ਬਿਰਤਾਂਤ ਦੀ ਇਕ ਅੰਤਰ-ਦ੍ਰਿਸ਼ਟੀ ਹੈ। ਸ਼ਾਇਦ ਇਸੇ ਗੱਲ ਨੂੰ ਵਧੇਰੇ ਦ੍ਰਿੜ੍ਹਤਾ ਅਤੇ ਬਾਰੀਕਬੀਨੀ ਨਾਲ ਦਰਸਾਉਣ ਲਈ ਕਥਾਕਾਰ ਸ਼ਾਹੀ ਨੂੰ ਜਿਸ ਜਾਤੀਗਤ ਪਿਛੋਕੜ ਵਿਚੋਂ ਚੁਣ ਰਿਹਾ ਹੈ, ਉਹ 'ਬਾਣੀਆਂ' ਬਰਾਦਰੀ ਦਾ ਹੈ। ਜਿਸ ਬਾਰੇ ਆਮ ਪ੍ਰਚੱਲਿਤ ਰਾਇ ਇਹ ਹੈ ਕਿ ਇਹ ਰਾਹੋਂ ਕੁਰਾਹੇ ਨਹੀਂ ਭਟਕਦੀ, ਹਰ ਕਦਮ ਸੋਚ ਸਮਝ ਕੇ ਪੁੱਟਦੀ ਹੈ, ਹਰ ਫੈਸਲਾ ਫਾਇਦਾ ਨੁਕਸਾਨ ਦੇਖ ਕੇ ਕਰਦੀ ਹੈ। ਪਰ ਕਥਾਕਾਰ ਤਾਂ ਸ਼ਾਇਦ ਪੇਸ਼ ਹੀ ਇਹ ਕਰਨਾ ਚਾਹੁੰਦਾ ਹੈ ਕਿ ਅਤਿ ਦੀ ਸੂਖ਼ਮ ਬੁੱਧੀ ਵਾਲੀ ਬਰਾਦਰੀ ਨਾਲ ਸਬੰਧਤ ਓਮ ਪ੍ਰਕਾਸ਼ ਸ਼ਾਹੀ ਵੀ ਕਿਵੇਂ ਬਾਜ਼ਾਰ ਅਤੇ ਮੀਡੀਆ ਦੇ ਪ੍ਰਭਾਵਾਂ ਤੋਂ ਬਚ ਨਹੀਂ ਪਾਉਂਦਾ। 'ਜਿੱਧਰ ਗਿਆ ਬਾਣੀਆ, ਉਧਰ ਗਿਆ ਬਾਜ਼ਾਰ' ਵਾਲੀ ਕਹਾਵਤ ਇਥੇ ਉਲਟ ਗਈ ਹੈ। ਬਾਜ਼ਾਰ ਇਸ ਨੂੰ ਚਲਾਉਣ ਵਾਲੇ ਬਾਣੀਏਂ ਨਾਲੋਂ ਵੀ ਵਧੇਰੇ ਬਲਵਾਨ ਸਾਬਤ ਹੋ ਰਿਹਾ ਹੈ। ਪਰ ਇਸਦਾ ਇਹ ਵੀ ਅਰਥ ਨਹੀਂ ਲੈਣਾ ਚਾਹੀਦਾ ਕਿ ਬਾਜ਼ਾਰੀ ਤਾਕਤਾਂ (market forces) ਹੀ ਅੰਤਿਮ ਅਤੇ ਨਿਰਣਾਇਕ ਭੂਮਿਕਾ ਨਿਭਾਉਣਗੀਆਂ। ਜੇ ਅੱਜ ਬਾਜ਼ਾਰ ਦਾ ਪ੍ਰਵਚਨ ਸਮਾਜ ਦਾ ਭਾਰੂ ਪ੍ਰਵਚਨ ਬਣਿਆਂ ਹੋਇਆ ਹੈ ਤਾਂ ਸਿਰਫ਼ ਇਸ ਕਰਕੇ ਕਿ ਵਰਤਮਾਨ ਇਤਿਹਾਸਕ ਬਿੰਦੂ ਉਤੇ ਪੂੰਜੀ, ਮੀਡੀਆ, ਰਾਜਨੀਤੀ ਅਤੇ ਆਰਥਿਕਤਾ ਦਾ ਤਾਣਾ-ਬਾਣਾ ਸਮੁੱਚੇ ਸਿਸਟਮ ਤੇ ਹਾਵੀ ਹੈ। ਕੱਲ੍ਹ ਨੂੰ ਜਦੋਂ ਇਸ ਜੁਗਲਬੰਦੀ ਦੀ ਥਾਂ ਕੋਈ ਬੌਧਿਕ,

ਦਾਰਸ਼ਨਿਕ, ਲੋਕਪੱਖੀ ਬਹੁਗਿਣਤੀ ਦਾ ਪ੍ਰਵਚਨ ਹਾਵੀ ਹੋਵੇਗਾ ਤਾਂ ਸਮਾਜ ਦਾ ਭਾਰੂ ਪ੍ਰਵਚਨ ਕੋਈ ਹੋਰ ਹੋਵੇਗਾ। ਇਸ ਪ੍ਰਵਚਨ ਦੀਆਂ ਪ੍ਰਤੀਧੁਨੀਆਂ ਅੱਜ ਵੀ ਜਨ-ਸਾਧਾਰਨ ਪ੍ਰਤੀ ਫ਼ਿਕਰਮੰਦ ਚਿੰਤਕਾਂ, ਸਮਾਜਿਕ ਕਾਰਕੁਨਾਂ, ਅਧਿਆਪਕਾਂ, ਔਰਤਾਂ, ਦਲਿਤਾਂ ਅਤੇ ਮਜ਼ਦੂਰਾਂ ਦੀਆਂ ਸੁਜੱਗ ਜਥੇਬੰਦੀਆਂ ਦੇ ਵਿਚਾਰਾਂ ਵਿਚੋਂ ਸੁਣੀਆਂ ਜਾ ਸਕਦੀਆਂ ਹਨ। ਕਹਿਣ ਦਾ ਭਾਵ ਏਨਾ ਹੈ ਕਿ ਬਦਲੇ ਹੋਏ ਹਾਲਾਤ ਵਿਚ ਮਾਰਕਸ ਦੇ ਇਤਿਹਾਸਕ ਪਦਾਰਥਵਾਦ ਅਤੇ ਦਵੰਦਾਤਮਕ ਭੌਤਿਕਵਾਦ ਦੇ ਫ਼ਲਸਫ਼ੇ ਨੂੰ ਸੋਧਿਆ ਤਾਂ ਜਾ ਸਕਦਾ ਹੈ, ਪਰ ਉੱਕਾ ਹੀ ਰੱਦ ਨਹੀਂ ਕੀਤਾ ਜਾ ਸਕਦਾ। ਹਥਲੇ ਬਿਰਤਾਂਤ ਵਿਚ ਵੀ ਜੇ ਓਮ ਪ੍ਰਕਾਸ਼ ਦੇ ਵਿਹਾਰ ਨੂੰ ਸਮਝਣਾ ਹੋਵੇ ਤਾਂ ਮਾਰਕਸ ਦੇ 'ਅਣਕਮਾਈ ਵਾਫ਼ਰ ਪੂੰਜੀ' ਦੇ ਸਿਧਾਂਤ ਨਾਲ ਵੀ ਸਮਝਿਆ ਜਾ ਸਕਦਾ ਹੈ। ਓਮ ਪ੍ਰਕਾਸ਼, ਵੇਦ ਵਿਆਸ ਅਤੇ ਐਕਸੀਅਨ ਤਿੰਨਾਂ ਵਿਚ ਜੋ ਮਹੱਤਵਪੂਰਨ ਸਾਂਝ ਹੈ, ਉਹ 'ਅਣਕਮਾਈ ਵਾਫ਼ਰ ਪੂੰਜੀ' ਦੀ ਹੈ, ਜੋ ਰਿਸ਼ਵਤ ਦੇ ਰੂਪ ਵਿਚ ਇਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ। ਐਕਸੀਅਨ ਦਾ ਪਰਿਵਾਰ ਜੀਵਨ ਦੀਆਂ ਸੁਖ-ਸੁਵਿਧਾਵਾਂ ਤੇ ਇਹ ਪੂੰਜੀ ਪਾਣੀ ਵਾਂਗ ਵਹਾ ਰਿਹਾ ਹੈ। ਓਮ ਪ੍ਰਕਾਸ਼ ਥੋੜ੍ਹਾ ਔਖਾ ਹੋ ਕੇ ਵੀ ਐਕਸੀਅਨ ਦੇ ਪੈਰ 'ਚ ਪੈਰ ਧਰ ਰਿਹਾ ਹੈ। ਵੇਦ ਵਿਆਸ ਆਪਣੀ ਸੋਚ, ਸੰਸਕਾਰਾਂ ਅਤੇ ਵਿਸ਼ੇਸ਼ ਜਨੈਟਿਕ ਸਟਰਕਚਰ ਕਰਕੇ ਇਸ ਪੂੰਜੀ ਨੂੰ ਹੋਰ ਪੂੰਜੀ ਪੈਦਾ ਕਰਨ ਲਈ ਵਰਤ ਰਿਹਾ ਹੈ। ਪਰ ਇਹ ਵਾਫ਼ਰ ਪੂੰਜੀ ਫਿਰ ਵੀ ਆਪਣਾ ਰੰਗ ਉਸਦੇ ਘਰ ਵਿਚ ਵਿਖਾ ਰਹੀ ਹੈ। ਉਸਦੀ ਨੂੰਹ ਮਿਨਾਕਸ਼ੀ 'ਮਹਿਕ' ਅਤੇ 'ਬਹਾਰ' ਵਾਲੇ ਰਾਹ ਮਿਸਿਜ਼ ਐਕਸੀਅਨ ਅਤੇ ਸੀਤਾ ਵਾਂਗ ਹੀ ਦੇਹ ਸ਼ਿੰਗਾਰ ਲਈ ਤੁਰੀ ਹੋਈ ਹੈ। ਰਾਮ ਦੁਲਾਰੀ ਅਤੇ ਹੰਸੇ ਦੀ ਖ਼ੂਨ-ਪਸੀਨੇ ਦੀ ਕਿਰਤ ਅਤੇ ਸ਼ਾਹੀ, ਵੇਦ ਵਿਆਸ ਅਤੇ ਐਕਸੀਅਨ ਦੀ ਅਣਕਮਾਈ ਪੂੰਜੀ ਵਿਚ ਇਹੀ ਬੁਨਿਆਦੀ ਫ਼ਰਕ ਹੈ।

ਇਸ ਬਿਰਤਾਂਤ ਵਿਚੋਂ ਗੁਜ਼ਰਦਿਆਂ ਇਹ ਅਹਿਸਾਸ ਵੀ ਹੋਇਆ ਹੈ ਕਿ ਵਸਤਾਂ/ਪੂੰਜੀ ਦੀ ਕਿਸਮ ਵੀ ਆਪਣੇ ਨਾਲ ਆਪਣੀ ਤਰ੍ਹਾਂ ਦੇ ਸੰਸਕਾਰ ਲੈ ਕੇ ਆਉਂਦੀ ਹੈ। ਦਰਅਸਲ ਮਹੱਤਵਪੂਰਨ ਇਨ੍ਹਾਂ ਦਾ ਪਿਛੋਕੜ ਹੁੰਦਾ ਹੈ। ਜਿਸ ਪਿਛੋਕੜ ਵਿਚੋਂ ਇਹ ਉਗਮੀਆਂ ਹੁੰਦੀਆਂ ਹਨ, ਉਹੀ ਪਿਛੋਕੜ ਇਨ੍ਹਾਂ ਦੀ ਵਿਚਾਰਧਾਰਾ ਅਤੇ ਪ੍ਰਕਿਰਤੀ ਨੂੰ ਨਿਰਧਾਰਿਤ ਕਰਦਾ ਹੈ। ਹੰਸੇ ਅਤੇ ਰਾਮ ਦੁਲਾਰੀ ਦੀ ਦਸਾਂ ਨਹੁੰਆਂ ਦੀ ਕਿਰਤ ਆਪਣੇ ਨਾਲ ਜ਼ਿੰਮੇਵਾਰੀ, ਸਵੈਮਾਣ, ਅਨੁਸ਼ਾਸਨ, ਬਰਕਤ ਅਤੇ ਸੰਤੁਸ਼ਟੀ ਲੈ ਕੇ ਆਉਂਦੀ ਹੈ। ਜਦੋਂ ਕਿ ਸ਼ਾਹੀ, ਵੇਦ ਵਿਆਸ ਅਤੇ ਐਕਸੀਅਨ ਦੀ ਅਣਕਮਾਈ ਵਾਫ਼ਰ ਪੂੰਜੀ, ਲਾਲਸਾ, ਬੇਪਰਵਾਹੀ, ਐਸ਼ਪ੍ਰਸਤੀ, ਖੁੱਲ੍ਹ-ਖੇਡ ਅਤੇ ਵਾਸ਼ਨਾਵਾਂ ਦਾ ਬਾਇਸ ਬਣਦੀ ਹੈ। ਮਨ, ਮਾਨਸਿਕਤਾ, ਮੂਲ ਮਾਨਵੀ ਬਿਰਤੀਆਂ, ਆਲੇ-ਦੁਆਲੇ ਦਾ ਵਸਤ-ਵਿਹਾਰ ਅਤੇ ਵਿਚਾਰ ਜਾਲ, ਕਮਾਈ/ਅਣਕਮਾਈ ਪੂੰਜੀ ਦੀ ਕਿਸਮ ਅਤੇ ਮਾਤਰਾ ਆਦਿ ਸਾਰੇ ਮਿਲ ਕੇ ਆਮ ਬੰਦੇ ਦੀ ਭਾਸ਼ਾ, ਸੰਸਕਾਰਾਂ, ਸੋਚ ਅਤੇ ਜੀਵਨ ਵਿਧੀ ਨੂੰ ਕਿਸ ਤਰ੍ਹਾਂ ਬਦਲਦੇ ਹਨ, ਇਸ ਦੇ ਵੇਰਵੇ ਕਥਾ ਵਿਚ ਬੜੀ ਕਲਾਤਮਕਤਾ ਨਾਲ ਪਰੋਏ ਗਏ ਹਨ, ਮਸਲਨ : ਸ਼ੈਂਪੂ, ਬਾਡੀ ਸਪਰੇਅ, ਕਰੀਮ ਅਤੇ ਪਾਊਡਰ ਨੇ ਸਭ ਦੇਸੀ ਸਮਾਨ ਘਰੋਂ ਕਢਾ ਦਿੱਤਾ, ਬਾਥਰੂਮ ਵਾਸ਼ਰੂਮ ਹੋ ਜਾਂਦਾ ਹੈ, ਤੌਲੀਏ ਦਾ ਟਾਵਲ ਬਣ ਜਾਂਦਾ ਹੈ, ਨਹਾਉਣਾ – ਬਾਥ ਲੈਣਾ, ਰਸੋਈ ਤੋਂ ਕਿਚਨ, ਦਾਰੂ ਤੋਂ ਡ੍ਰਿੰਕ ਅਤੇ ਸਲਾਦ ਤੋਂ ਸੈਲੇਡ ਬਣ ਜਾਂਦਾ ਹੈ। ਜਿਹੜੀਆਂ ਵਸਤਾਂ ਤੋਂ ਬਿਨਾਂ ਹੰਸੇ ਅਤੇ ਰਾਮ ਦੁਲਾਰੀ ਨੇ ਇਕ ਸੰਤੁਸ਼ਟ ਅਤੇ ਖੁਸ਼ਹਾਲ ਜੀਵਨ ਜਿਉਂਇਆ ਹੈ, ਉਹ ਵਸਤਾਂ ਸੀਤਾ ਅਤੇ ਸ਼ਾਹੀ ਲਈ ਜੀਵਨ ਉਦੇਸ਼ ਬਣ ਚੁੱਕੀਆਂ ਹਨ। ਬੌਦਰੀਲਾ ਇਸ ਬਾਰੇ ਬੜਾ ਕਮਾਲ ਦਾ ਤਰਕ ਦਿੰਦਾ ਹੈ। ਉਹ ਕਹਿੰਦਾ ਹੈ ਕਿ ਉਪਭੋਗ ਦੀ ਪਰੰਪਰਾਗਤ ਬਹਿਸ ਇਸ ਮਿਥਕੀ ਕਿੱਸੇ 'ਤੇ ਆਧਾਰਤ ਰਹੀ ਹੈ ਕਿ ਇਕ ਆਮ ਆਦਮੀ ਦੀਆਂ ਜ਼ਰੂਰਤਾਂ ਉਸ ਨੂੰ ਕੁਝ ਖ਼ਾਸ ਚੀਜ਼ਾਂ ਵੱਲ ਲੈ ਗਈਆਂ। ਉਸਨੇ ਉਨ੍ਹਾਂ ਨੂੰ ਹਾਸਿਲ ਕੀਤਾ ਅਤੇ ਉਸ ਨੂੰ ਸੰਤੁਸ਼ਟੀ ਹੋਈ। ਲੇਕਿਨ ਇਹ ਪੁਰਾਣੀ ਮਿਥਕੀ ਬਹਿਸ ਅੱਜ ਦੀ ਕੰਜ਼ਿਊਮਰ ਸੋਸਾਇਟੀ 'ਤੇ ਪੂਰੀ ਨਹੀਂ ਉਤਰਦੀ। ਅੱਜ ਤਾਂ ਉਤਪਾਦਕ ਹੀ ਜ਼ਰੂਰਤਾਂ ਨੂੰ ਪੈਦਾ ਕਰ ਰਿਹਾ ਹੈ। ਉਪਯੋਗੀ ਦੇ ਵਿਵਹਾਰ ਨੂੰ ਰਚ ਰਿਹਾ ਹੈ। ਉਸ ਨੂੰ ਨਿਰਦੇਸ਼ਿਤ ਅਤੇ ਨਿਯੰਤਰਿਤ ਕਰ ਰਿਹਾ ਹੈ। ਬੌਦਰੀਲਾ ਪ੍ਰਸਿੱਧ ਅਰਥ ਸ਼ਾਸਤਰੀ ਜਾਨ ਕੈਨੇਥ ਗਿਲਬਰਟ ਦੀ ਇਸ ਮਾਨਤਾ ਨੂੰ ਚੁਣੌਤੀ ਦਿੰਦਾ ਹੈ ਕਿ ਮਨੁੱਖ ਦੀਆਂ ਜ਼ਰੂਰਤਾਂ ਵਧਣ ਨਾਲ ਉਤਪਾਦਨ ਵਧਦਾ ਹੈ। ਉਸ ਦਾ ਮੰਨਣਾ ਹੈ ਕਿ ਅੱਜ ਤਾਂ ਉਤਪਾਦਨ ਦੀਆਂ ਸ਼ਕਤੀਆਂ ਹੀ ਆਪਣੀਆਂ ਜ਼ਰੂਰਤਾਂ ਨੂੰ ਰਚ ਰਹੀਆਂ ਹਨ। ਜ਼ਰੂਰਤਾਂ ਬਾਅਦ ਵਿਚ ਪੈਦਾ ਹੋ ਰਹੀਆਂ ਹਨ। ਇਸ ਤਰ੍ਹਾਂ ਉਪਭੋਗ ਅੱਜ ਇਕ ਵਿਚਾਰਧਾਰਾ ਵੀ ਹੈ ਅਤੇ ਸੰਚਾਰ ਦੀ ਇਕ ਵਿਵਸਥਾ ਵੀ।

ਇਸ ਬਿਰਤਾਂਤ ਵਿਚ ਵੀ ਉਪਭੋਗ/ਭੋਗ, ਸ਼ਾਹੀ/ਸੀਤਾ ਦੀ ਵਿਚਾਰਧਾਰਾ ਹੀ ਬਣ ਚੁੱਕਾ ਹੈ। ਸ਼ਾਹੀ ਦਫ਼ਤਰੋਂ ਸਿੱਧਾ ਘਰ ਆਉਂਦਾ ਹੈ। ਟੀ.ਵੀ. ਮੂਹਰੇ ਬੈਠ ਜਾਂਦਾ ਹੈ। ਸ਼ਰਾਬ ਦਾ ਦੌਰ ਸ਼ੁਰੂ ਕਰ ਦਿੰਦਾ ਹੈ। ਇਸ ਦੌਰ ਦੀ ਚਰਮ ਸੀਮਾ ਸੈਕਸ ਹੋ ਨਿੱਬੜਦੀ ਹੈ।

ਸ਼ਾਹੀ/ਸੀਤਾ ਦੀ ਅਜਿਹੀ ਜੀਵਨ ਸ਼ੈਲੀ ਜੋ ਗੱਲ ਦ੍ਰਿੜ ਕਰਵਾਉਂਦੀ ਹੈ ਉਹ ਇਹੀ ਹੈ ਕਿ ਇਨ੍ਹਾਂ ਦੀ ਉਪਭੋਗੀ ਬਿਰਤੀ ਨੇ ਇਨ੍ਹਾਂ ਨੂੰ 'ਸਵੈ' ਅਤੇ 'ਸੈਲੀਬਰੇਸ਼ਨ' ਤੱਕ ਸੀਮਤ ਕਰ ਦਿੱਤਾ ਹੈ। ਇਨ੍ਹਾਂ ਦੀ ਗੱਲਬਾਤ ਅਤੇ ਵਿਹਾਰ ਵਿਚੋਂ ਕੋਈ ਵੀ ਮਾਨਵੀ/ ਭਾਈਚਾਰਕ/ ਸਮਾਜਕ ਸਰੋਕਾਰ ਨਹੀਂ ਝਲਕਦਾ। ਸ਼ਾਇਦ ਇਹੀ ਬਿਰਤਾਂਤ ਦਾ ਸੰਦੇਸ਼ ਹੈ ਕਿ ਉਪਭੋਗੀ ਬਿਰਤੀ/ਵਿਚਾਰਧਾਰਾ ਕਿਵੇਂ ਬੰਦੇ ਨੂੰ ਸਵੈਮੁਖੀ ਸਰੋਕਾਰਾਂ ਤੱਕ ਘਟਾ ਦਿੰਦੀ ਹੈ। ਕਿਵੇਂ ਵਿਅਕਤੀਗਤ ਆਨੰਦ ਹੀ ਉਸਦਾ ਸਰਵਉੱਚ ਜੀਵਨ ਉਦੇਸ਼ ਬਣ ਜਾਂਦਾ ਹੈ। ਇਹ ਗੱਲ ਤਾਂ ਦੋਵਾਂ ਦੇ ਕਾਮ ਵਿਹਾਰ ਵਿਚੋਂ ਵੀ ਜ਼ਾਹਰ ਹੋ ਰਹੀ ਹੈ। ਕਾਮ ਕ੍ਰੀੜਾ ਦੌਰਾਨ ਦੋਹਾਂ ਦਾ ਉਦੇਸ਼ ਇਕ ਦੂਜੇ ਨੂੰ ਤ੍ਰਿਪਤ ਕਰਨ ਦੀ ਬਜਾਇ ਵਿਅਕਤੀਗਤ ਆਨੰਦ ਵਧੇਰੇ ਹੈ। ਜਿਹੜੀ 'ਪਲੱਚ ਪਲੱਚ' ਸੀਤਾ ਲਈ ਚਰਮ ਆਨੰਦ ਦੀ ਵਾਹਕ ਬਣਦੀ ਹੈ ਉਸ ਤੋਂ ਸ਼ਾਹੀ ਨੂੰ ਘਿਣ ਆਉਂਦੀ ਹੈ। ਪਰ ਮਸਲਾ ਸਿਰਫ ਏਨਾ ਨਹੀਂ ਹੈ। ਸਵਾਲ ਤਾਂ ਇਹ ਹੈ ਕਿ ਇਸ ਦੌਰ ਦੇ ਮਨੁੱਖ ਲਈ ਕਾਮ ਇਕ ਭਾਵ/ਵੇਗ ਤੋਂ ਵੱਧ ਯੋਜਨਾਪੂਰਵਕ ਸਿਰੇ ਚੜ੍ਹਾਉਣ ਵਾਲਾ ਪ੍ਰੋਜੈਕਟ ਵਧੇਰੇ ਬਣ ਚੁੱਕਾ ਹੈ ਜਿਸ ਲਈ ਸ਼ਾਹੀ ਵਰਗੇ ਲੋਕ ਸਵੇਰ ਤੋਂ ਹੀ ਸਕੀਮ ਬਨਾਉਣੀ ਸ਼ੁਰੂ ਕਰ ਦਿੰਦੇ ਹਨ। ਕਹਿਣ ਦਾ ਭਾਵ ਏਨਾ ਹੈ ਕਿ ਜਿਥੇ ਉਪਭੋਗੀ ਬਿਰਤੀ ਨੇ ਜੀਵਨ ਦੇ ਹੋਰ ਬਹੁਤ ਸਾਰੇ ਮਰਹਲਿਆਂ ਨੂੰ ਪ੍ਰਭਾਵਿਤ ਕੀਤਾ ਹੈ, ਉਥੇ ਕਾਮ ਜਿਹਾ ਕੁਦਰਤੀ ਭਾਵ ਵੀ ਇਸ ਤੋਂ ਬਚ ਨਹੀਂ ਸਕਿਆ। ਵੈਸੇ ਤਾਂ ਸੰਸਕ੍ਰਿਤੀ ਅਤੇ ਪ੍ਰਕਿਰਤੀ ਦੇ ਦੁਫੇੜ ਨੇ ਹੀ ਮਨੁੱਖੀ ਸੈਕਸ ਨੂੰ ਵਿਕਰਤ/ਦੱਬਿਆ (perverted/submissive) ਬਣਾਉਣ ਵਿਚ ਵੱਡੀ ਭੂਮਿਕਾ ਅਦਾ ਕੀਤੀ ਸੀ ਪਰ ਉਪਭੋਗੀ/ਬਜ਼ਾਰੂ ਸੰਸਕ੍ਰਿਤੀ ਨੇ ਤਾਂ ਮਨੁੱਖ ਦੇ ਕਾਮ ਆਨੰਦ ਨੂੰ ਵਸਤ ਆਨੰਦ ਤੱਕ ਘਟਾ ਦਿੱਤਾ ਹੈ। ਉਪਭੋਗੀ ਬਿਰਤੀ ਵਿਚ ਮਨੁੱਖ ਵਸਤਾਂ ਦੀ ਵੰਨ-ਸੁਵੰਨਤਾ (variety) ਵੱਲ ਆਕਰਸ਼ਿਤ ਹੁੰਦਾ ਹੈ। ਇਸ ਬਿਰਤੀ ਦਾ ਸ਼ਿਕਾਰ ਮਨੁੱਖ ਕਾਮ ਵਿਹਾਰ ਦੌਰਾਨ ਵੀ ਅਨੁਭਵਾਂ ਦੀ ਨਵੀਨਤਾ/ਵੱਖਰਤਾ ਵੱਲ ਆਕਰਸ਼ਿਤ ਹੋਣ ਲਗਦਾ ਹੈ। ਇਹ ਅਨੁਭਵ ਸਿਰਫ਼ ਕਾਮ ਕਲਾਵਾਂ ਦੀ ਵੰਨ-ਸੁਵੰਨਤਾ ਤੱਕ ਹੀ ਸੀਮਤ ਨਹੀਂ ਰਹਿੰਦੇ ਸਗੋਂ ਅੱਗੋਂ ਕਾਮ ਦੇ ਢੰਗ-ਤਰੀਕਿਆਂ (sex partner) ਦੀਆਂ ਨਵੀਆਂ ਜੁਗਤਾਂ (variety) ਤੱਕ ਜਾ ਪਹੁੰਚਦੇ ਹਨ। ਸ਼ਾਹੀ ਲਈ ਕੋਮਲ ਅਤੇ ਸੀਤਾ ਲਈ ਉਸਦੇ ਸਾਥੀ ਇਸੇ ਬਿਰਤੀ ਦੀ ਉਪਜ ਹਨ। ਕਾਮ, ਸਨੇਹ ਅਤੇ ਪਿਆਰ ਕਿਵੇਂ ਵਸਤ ਸੰਸਾਰ ਨਾਲ ਸਬੰਧਿਤ ਹੋ ਜਾਂਦੇ ਹਨ ਇਸ ਦੀਆਂ ਇਸ ਬਿਰਤਾਂਤ ਵਿਚ ਇਕ ਤੋਂ ਵਧੇਰੇ ਮਿਸਾਲਾਂ ਹਾਜ਼ਰ ਹਨ।

ਇਸ ਬਿਰਤਾਂਤ ਦੀ ਇਕ ਅੰਤਰ-ਦ੍ਰਿਸ਼ਟੀ ਇਹ ਵੀ ਹੈ ਕਿ ਜਿਵੇਂ ਕੋਈ ਵੀ ਮਨੁੱਖ ਨਿਰੋਲ ਵਿਅਕਤੀਗਤ ਨਹੀਂ, ਉਵੇਂ ਕੋਈ ਵੀ ਬਿਰਤਾਂਤ ਨਿਰੋਲ ਮੌਲਿਕ ਨਹੀਂ। ਹਰ ਬਿਰਤਾਂਤ ਆਪਣੇ ਤੋਂ ਪਹਿਲਾਂ ਸਿਰਜੇ ਬਿਰਤਾਂਤਾਂ ਦੀਆਂ ਰੂੜ੍ਹੀਆਂ ਨੂੰ ਅਚੇਤ ਰੂਪ ਵਿਚ ਆਤਮਸਾਤ ਕਰ ਰਿਹਾ ਹੁੰਦਾ ਹੈ। ਇਸ ਕਹਾਣੀ ਦਾ ਵੇਦ ਵਿਆਸ, ਸ਼ਾਹੀ ਤੋਂ ਬਿਲਕੁਲ ਵਿਰੋਧੀ ਸੁਭਾਅ ਵਾਲਾ ਪਾਤਰ ਹੁੰਦਾ ਹੋਇਆ ਵੀ ਉਵੇਂ ਹੀ ਸ਼ਾਹੀ ਦਾ ਹੀ ਇਕ ਹੋਰ ਰੂਪ ਹੋ ਸਕਦਾ ਹੈ ਜਿਵੇਂ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਸ਼ਵੇਤਾਂਬਰ ਨੇ ਕਿਹਾ ਸੀ' ਵਿਚ ਸ਼ਵੇਤਾਂਬਰ ਕੋਈ ਵੱਖਰਾ ਪਾਤਰ ਨਹੀਂ ਸਗੋਂ ਪ੍ਰਿੰਸੀਪਲ ਸ਼ਾਰਦਾ ਦਾ ਹੀ ਇਕ 'ਸ਼ਵੇਤ' ਆਪਾ ਹੈ, ਜੋ ਉਸ ਨੂੰ ਥਾਂ ਪੁਰ ਥਾਂ ਗ਼ੈਰ-ਸਮਾਜਕ/ਗ਼ੈਰ-ਸਭਿਆਚਾਰਕ ਕਾਰਜਾਂ ਤੋਂ ਵਰਜਦਾ ਹੈ। ਇਸ ਦਾ ਇਕ ਸੂਖ਼ਮ ਸੰਕੇਤ ਹਥਲੇ ਬਿਰਤਾਂਤ ਵਿਚ ਵੀ ਹਾਜ਼ਰ ਹੈ। ਕਥਾਕਾਰ ਓਮ ਪ੍ਰਕਾਸ਼ ਦੀ ਬਠਿੰਡੇ ਤੋਂ ਪਟਿਆਲੇ ਬਦਲੀ ਹੋਣ ਦਾ ਵੇਰਵਾ ਦਿੰਦਾ ਹੈ। ਉਹ ਇਹ ਵੀ ਸੰਭਾਵਨਾ ਜ਼ਾਹਰ ਕਰਦਾ ਹੈ ਕਿ ਸ਼ਾਇਦ ਓਮ ਪ੍ਰਕਾਸ਼ ਇਥੇ ਇਸ ਕਰਕੇ ਆਇਆ ਹੈ ਕਿਉਂਕਿ ਕੁਝ ਮਹੀਨੇ ਪਹਿਲਾਂ ਸਟੈਨੋ ਕੋਮਲ ਦੀ ਟ੍ਰਾਂਸਫਰ ਵੀ ਇਥੇ ਦੀ ਹੀ ਹੋਈ ਸੀ। ਪਰ ਵੇਦ ਵਿਆਸ ਦੀ ਬਦਲੀ ਦਾ ਕੋਈ ਵੇਰਵਾ ਇਸ ਬਿਰਤਾਂਤ ਵਿਚ ਉਪਲਬਧ ਨਹੀਂ ਹੈ। ਪਰ ਵੇਦ ਵਿਆਸ ਉਨ੍ਹਾਂ ਦਰਮਿਆਨ ਫਿਰ ਵੀ ਹਾਜ਼ਰ ਹੈ। ਭਾਵੇਂ ਅਜਿਹਾ ਕਥਾਕਾਰ ਦੀ ਉਕਾਈ ਕਾਰਨ ਵੀ ਹੋ ਸਕਦਾ ਹੈ। ਪਰ ਇਹ ਉਕਾਈ ਇਕ ਬਹੁਤ ਹੀ ਖ਼ੂਬਸੂਰਤ ਅੰਤਰ-ਦ੍ਰਿਸ਼ਟੀ ਵਿਚ ਤਬਦੀਲ ਹੋ ਜਾਂਦੀ ਹੈ। ਵੇਦ ਵਿਆਸ ਸ਼ਾਹੀ ਦਾ ਸ਼ਵੇਤਾਂਬਰ ਹੀ ਜਾਪਣ ਲਗਦਾ ਹੈ। ਇਵੇਂ ਹੀ ਜੇ ਗਹਿਨਤਾ ਨਾਲ ਕੋਮਲ ਅਤੇ ਸੀਤਾ ਦੀ ਦਵੈਤ ਨੂੰ ਸਮਝਿਆ ਜਾਵੇ ਤਾਂ ਕੋਮਲ ਸੀਤਾ ਦੀ ਉਸ ਸੰਭਾਵਨਾ ਦਾ ਹੀ ਲੁਪਤ ਰੂਪ ਹੈ ਜੋ ਅੱਗੇ ਜਾ ਕੇ ਸੀਤਾ ਵਿਚੋਂ ਪ੍ਰਗਟ ਹੁੰਦਾ ਹੈ। ਸ਼ਾਇਦ ਇਸੇ ਲਈ ਨਿਦਾ ਫਾਜ਼ਲੀ ਕਹਿੰਦਾ ਹੈ :

ਹਰ ਆਦਮੀ ਮੇਂ ਹੋਤੇ ਹੈਂ ਦਸ ਬੀਸ ਆਦਮੀ
ਜਿਸ ਕੋ ਭੀ ਦੇਖਨਾ ਹੋ ਕਈ ਬਾਰ ਦੇਖਨਾ।

ਸ਼ਾਇਦ ਇਹ ਵੀ ਬਿਰਤਾਂਤ ਦਾ ਇਕ ਹੋਰ ਸੰਦੇਸ਼ ਹੈ ਕਿ ਮਨੁੱਖ ਸੀਮਤ ਹੁੰਦੇ ਹੋਏ ਵੀ ਅਸੀਮ ਹੈ। ਉਸ ਦੀਆਂ ਸੰਭਾਵਨਾਵਾਂ ਦੀ ਰੇਂਜ ਅਤਿ ਵਿਸ਼ਾਲ ਹੈ। ਉਹ ਅਨੇਕ ਵਿਰੋਧਾਭਾਸਾਂ ਦਾ ਮੁਜੱਸਮਾ ਹੈ। ਸਮਾਂ, ਸਥਿਤੀਆਂ, ਸੰਦਰਭ ਅਤੇ ਵਾਤਾਵਰਣ ਹੀ ਉਸਦੀ ਪ੍ਰਗਟ ਪ੍ਰਕਿਰਤੀ ਦੇ ਵਾਹਕ ਬਣਦੇ ਹਨ। ਇਸ ਲਈ ਇਹ ਕਥਾ ਸਿਰਫ ਕਾਮ ਦੀ ਨਹੀਂ, ਸਿਰਫ਼ ਉਪਭੋਗ ਦੀ ਹੀ ਨਹੀਂ, ਸਿਰਫ਼ ਤਿੰਨ ਪੀੜ੍ਹੀਆਂ ਦੇ ਬਦਲਦੇ ਜੀਵਨ ਪੈਟਰਨਾਂ ਦੀ ਨਹੀਂ, ਵਾਤਾਵਰਨ ਦੇ ਮਨੁੱਖ 'ਤੇ ਪੈਂਦੇ ਪ੍ਰਭਾਵਾਂ ਦੀ ਹੀ ਨਹੀਂ, ਇਹ ਕਥਾ ਮਨੁੱਖੀ ਬਿਰਤੀਆਂ ਵਿਚ ਆਉਣ ਵਾਲੇ ਬਦਲਾਵ ਲਈ ਜ਼ਿੰਮੇਵਾਰ ਤਮਾਮ ਪ੍ਰੇਰਕਾਂ ਦੀ ਵੀ ਗੱਲ ਕਰਦੀ ਹੈ। ਇਸ ਕਥਾ ਦੀ ਸੀਮਾ ਇਸ ਗੱਲ ਵਿਚ ਹੈ ਕਿ ਇਕ ਮਨੁੱਖ ਨੂੰ ਸਮੇਂ/ਸਥਿਤੀਆਂ ਦੇ ਵੇਗ ਅੱਗੇ ਤਿਨਕਾ ਮਾਤਰ ਬਣਾ ਕੇ ਪੇਸ਼ ਕਰ ਰਹੀ ਹੈ। ਇਸ ਦੀ ਸਮਰੱਥਾ ਇਹ ਹੈ ਕਿ ਇਹ ਨਾਵਲੀ ਪਾਸਾਰ ਵਾਲੇ ਮਸਲਿਆਂ ਨੂੰ ਬੜੀ ਸੂਖ਼ਮ ਅਤੇ ਸੰਘਣੀ ਬੁਣਤਰ ਰਾਹੀਂ ਪੇਸ਼ ਕਰਨ ਵਿਚ ਸਫ਼ਲ ਰਹੀ ਹੈ। ਕਥਾਕਾਰ ਦਾ ਰਚਨਾਤਮਕ ਵਿਵੇਕ ਇਸ ਗੱਲ ਵਿਚੋਂ ਵੀ ਜ਼ਾਹਰ ਹੁੰਦਾ ਹੈ ਕਿ ਉਹ ਪ੍ਰਕਿਰਤੀ, ਸਭਿਅਤਾ, ਬਜ਼ਾਰ ਅਤੇ ਮੂਲ ਮਾਨਵੀ ਬਿਰਤੀਆਂ ਦੀ ਚਤੁਰਭੁਜ ਨੂੰ ਇਸ ਦੇ ਅਨੇਕ ਸੰਭਵ ਪਾਸਾਰਾਂ ਸਮੇਤ ਨਿੱਕੀ ਕਹਾਣੀ ਦੀ ਵਿਧਾ ਵਿਚ ਪੇਸ਼ ਕਰ ਸਕਿਆ ਹੈ। ਇਸ ਕਥਾ ਦੇ ਪਾਠ ਦੌਰਾਨ ਇਹ ਅਹਿਸਾਸ ਵੀ ਹੁੰਦਾ ਹੈ ਕਿ ਪੰਜਾਬੀ ਕਹਾਣੀ ਹੁਣ ਆਪਣੇ ਵਿਧਾਗਤ ਅਤੇ ਵਿਸ਼ਾਗਤ ਚੌਖਟਿਆਂ ਨੂੰ ਪਾਰ ਕਰਨ ਦੇ ਆਹਰ ਵਿਚ ਹੈ।

ਜੇ ਕੋਈ ਸਮੀਖਿਅਕ/ਪਾਠਕ/ਵਿਚਾਰਕ ਇਸ ਕਹਾਣੀ ਦੇ ਪਾਠ ਦੇ ਆਧਾਰ ਤੇ ਇਸ ਨਿਰਣੇ ਤੇ ਪਹੁੰਚੇ ਕਿ ਬਲਦੇਵ ਧਾਲੀਵਾਲ ਉਤਰ-ਆਧੁਨਿਕੀ ਤਰਜ਼ ਦੀਆਂ ਕਹਾਣੀਆਂ ਲਿਖਣ ਲੱਗ ਪਿਆ ਹੈ ਤਾਂ ਉਹ ਵੱਡਾ ਟਪਲਾ ਖਾ ਰਿਹਾ ਹੋਵੇਗਾ। ਇਤਿਹਾਸਕ ਵਿਕਾਸ ਨੂੰ ਇਕ ਤਰਕ ਨਾਲ ਬਿਰਤਾਂਤ ਵਿਚ ਬੰਨ੍ਹਣ ਵਾਲਾ ਕਥਾਕਾਰ ਕਿਵੇਂ ਵੀ ਉਤਰ-ਆਧੁਨਿਕਤਾ ਦੀ ਕੋਟੀ ਵਿਚ ਨਹੀਂ ਰੱਖਿਆ ਜਾ ਸਕਦਾ। ਕਿਸੇ ਸਾਹਿਤਕ ਕਿਰਤ ਦਾ ਨਿਰਣਾ ਸਿਰਫ਼ ਇਸ ਆਧਾਰ ਤੇ ਨਹੀਂ ਕੀਤਾ ਜਾ ਸਕਦਾ ਕਿ ਸਾਹਿਤਕਾਰ ਕਿਹੜੀਆਂ ਘਟਨਾਵਾਂ ਪੇਸ਼ ਕਰ ਰਿਹਾ ਹੈ, ਸਗੋਂ ਇਸ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਘਟਨਾਵਾਂ ਦੇ ਆਧਾਰ ਤੇ ਉਹ ਕਿਹੜੇ ਭਾਵ ਉਜਾਗਰ ਕਰ ਰਿਹਾ ਹੈ, ਕਿਹੜੀਆਂ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰ ਰਿਹਾ ਹੈ। ਵੈਸੇ ਵੀ ਉਤਰ-ਆਧੁਨਿਕਤਾ ਵਿਚ ਇਤਿਹਾਸ ਲਈ ਕੋਈ ਥਾਂ ਨਹੀਂ ਪਰ ਇਸ ਕਥਾ ਦਾ ਸਮੁੱਚਾ ਰਚਨਾਤਮਕ ਅਮਲ ਇਤਿਹਾਸਕ ਚੇਤਨਾ ਨਾਲ ਲੈਸ ਹੈ। ਭਾਵੇਂ ਧਾਲੀਵਾਲ ਅਨੁਭਵ ਦੇ ਛੋਟੇ ਛੋਟੇ ਟੁਕੜਿਆਂ ਤੋਂ ਇਕ ਤਸਵੀਰ ਬਨਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਉਸਦੀ ਅੰਤਿਮ ਮਨਸ਼ਾ ਸਥਿਤੀ ਨੂੰ ਸਮੱਗਰਤਾ ਸਮੇਤ ਸਮਝਣ ਅਤੇ ਪੇਸ਼ ਕਰਨ ਦੀ ਹੈ। ਅਲਪ ਬਿਰਤਾਂਤਾਂ ਦੀ ਪੇਸ਼ਕਾਰੀ ਰਾਹੀਂ ਮਹਾਂਬਿਰਤਾਂਤ ਸਿਰਜੇ ਅਤੇ ਸਮਝੇ ਜਾ ਸਕਦੇ ਹਨ, ਅਜਿਹੀ ਅੰਤਰ-ਦ੍ਰਿਸ਼ਟੀ ਪੰਜਾਬੀ ਸਾਹਿਤ ਜਗਤ ਨੂੰ ਪ੍ਰਦਾਨ ਕਰਨ ਲਈ ਕਹਾਣੀਕਾਰ ਬਲਦੇਵ ਸਿੰਘ ਧਾਲੀਵਾਲ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ।

**ਸਹਾਇਕ ਪੁਸਤਕਾਂ** :


1. ਡਾ. ਹਰਿਭਜਨ ਸਿੰਘ, **ਪਿਆਰ ਤੇ ਪਰਿਵਾਰ,** ਨਵਯੁਗ ਪਬਲਿਸ਼ਰਜ਼, ਦਿੱਲੀ, 1988.
2. ਵਿਜੇ ਕੁਮਾਰ, **ਅੰਧੇਰੇ ਸਮਯ ਮੇਂ ਵਿਚਾਰ,** ਸੰਵਾਦ ਪ੍ਰਕਾਸ਼ਨ, ਮੇਰਠ, 2006.
3. ਡਾ. ਜਸਵਿੰਦਰ ਸਿੰਘ, **ਪੰਜਾਬੀ ਸਭਿਆਚਾਰ ਪਛਾਣ-ਚਿੰਨ੍ਹ,** ਪੁਨੀਤ ਪ੍ਰਕਾਸ਼ਨ, ਪਟਿਆਲਾ, 1989